ਜਿਲਦ: 6,ਅੰਕ: 22

ਮਈ 16 - 31, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ

भारत की जनगणना

2027

CENSUS OF INDIA

जनगणना से जन कल्याण

# ਜਨ-ਜਨ ਦੀ ਗਿਣਤੀ ਰਾਸ਼ਟਰ ਦੀ ਪ੍ਰਗਤੀ

ਜਨਗਣਨਾ ਇੱਕ ਰਾਸ਼ਟਰੀ ਮਹੱਤਵ ਦਾ ਕਾਰਜ ਹੈ, ਇਸ ਦੇ ਅੰਕੜੇ ਕਈ ਵਰ੍ਹਿਆਂ ਦੇ ਲਈ ਸਾਡੀਆਂ ਨੀਤੀਆਂ ਦੇ ਨਿਰਧਾਰਣ ਅਤੇ ਪ੍ਰੋਗਰਾਮ ਦੇ ਲਈ ਮਹੱਤਵਪੂਰਨ ਅਧਾਰ ਬਣਨਗੇ, ਇਸ ਲਈ ਸਹੀ ਸੂਚਨਾ ਦੇਣਾ ਹੈ ਜਨ-ਜਨ ਦਾ ਫਰਜ਼...

ਈ-ਕਾਪੀ ਦੇ ਲਈ QR ਸਕੈਨ ਕਰੋ

ਸਾਨੂੰ ਫੋਲੋ ਕਰੋ @NISPIBIndia



# ਰਾਸ਼ਟਰ ਨਿਰਮਾਣ ਵਿੱਚ ਸਿਵਿਲ ਨਿਊਕਲੀਅਰ ਪ੍ਰੋਗਰਾਮ ਦਾ ਮਹੱਤਵਪੂਰਨ ਯੋਗਦਾਨ

*ਰੇਡੀਓ 'ਤੇ ਪ੍ਰਸਾਰਿਤ ਹੋਣ ਵਾਲੇ ਲੋਕਪ੍ਰਿਯ ਪ੍ਰੋਗਰਾਮ 'ਮਨ ਕੀ ਬਾਤ' ਦੀ 133ਵੀਂ ਕੜੀ ਰਾਹੀਂ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼-ਵਿਦੇਸ਼ ਦੇ ਲੋਕਾਂ ਦੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ। 26 ਅਪ੍ਰੈਲ ਨੂੰ ਪ੍ਰਸਾਰਿਤ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਜਿੱਥੇ ਵਿਗਿਆਨ, ਤਕਨੀਕ ਅਤੇ ਦੇਸ਼ ਦੀਆਂ ਉਪਲਬਧੀਆਂ 'ਤੇ ਜ਼ੋਰ ਦਿੱਤਾ ਉੱਥੇ ਹੀ ਭਾਰਤ ਦੀ ਤਰੱਕੀ ਵਿੱਚ ਵਿਗਿਆਨੀਆਂ ਦੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਪੌਣ ਅਤੇ ਸੋਲਰ ਊਰਜਾ ਜਿਹੇ ਖੇਤਰਾਂ ਵਿੱਚ ਦੇਸ਼ ਦੀ ਵਧਦੀ ਤਾਕਤ ਦਾ ਜ਼ਿਕਰ ਕੀਤਾ। ਨਾਲ ਹੀ, ਉਨ੍ਹਾਂ ਨੇ ਜਨਗਣਨਾ ਅਭਿਆਨ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਗੱਲ ਕੀਤੀ। ਪੇਸ਼ ਹਨ ਮਨ ਕੀ ਬਾਤ ਦੇ ਸੰਪਾਦਿਤ ਅੰਸ਼...*

- **ਨਿਊਕਲੀਅਰ ਪ੍ਰੋਗਰਾਮ :** ਭਾਰਤ ਨੇ ਵਿਗਿਆਨ ਨੂੰ ਹਮੇਸ਼ਾ ਦੇਸ਼ ਦੀ ਤਰੱਕੀ ਨਾਲ ਜੋੜ ਕੇ ਦੇਖਿਆ ਹੈ। ਇਸੇ ਸੋਚ ਨਾਲ ਸਾਡੇ ਵਿਗਿਆਨੀ ਸਿਵਿਲ ਨਿਊਕਲੀਅਰ ਪ੍ਰੋਗਰਾਮ ਨੂੰ ਅੱਗੇ ਵਧਾ ਰਹੇ ਹਨ। ਉਨ੍ਹਾਂ ਦੇ ਯਤਨਾਂ ਨਾਲ ਇਹ ਪ੍ਰੋਗਰਾਮ ਰਾਸ਼ਟਰ ਨਿਰਮਾਣ ਵਿੱਚ ਅਹਿਮ ਯੋਗਦਾਨ ਦੇ ਰਿਹਾ ਹੈ।
- **ਕ੍ਰਿਟੀਕੈਲਿਟੀ ਹਾਸਲ :** ਪਰਮਾਣੂ ਵਿਗਿਆਨੀਆਂ ਨੇ ਇੱਕ ਹੋਰ ਵੱਡੀ ਉਪਲਬਧੀ ਨਾਲ ਭਾਰਤ ਦਾ ਮਾਣ ਵਧਾਇਆ ਹੈ। ਤਮਿਲ ਨਾਡੂ ਦੇ ਕਲਪੱਕਮ ਵਿੱਚ ਫਾਸਟ ਬ੍ਰੀਡਰ ਰਿਐਕਟਰ ਨੇ ਕ੍ਰਿਟੀਕੈਲਿਟੀ ਹਾਸਲ ਕਰ ਲਈ ਹੈ। ਦਰਅਸਲ, ਕ੍ਰਿਟੀਕੈਲਿਟੀ ਉਹ ਪੜਾਅ ਹੈ, ਜਿਸ ਵਿੱਚ ਰਿਐਕਟਰ ਪਹਿਲੀ ਵਾਰ ਆਤਮਨਿਰਭਰ ਪਰਮਾਣੂ ਚੇਨ ਰਿਐਕਸ਼ਨ ਵਿੱਚ ਸਫ਼ਲਤਾ ਹਾਸਲ ਕਰਦਾ ਹੈ।
- **ਪੌਣ-ਊਰਜਾ :** ਪੌਣ-ਸ਼ਕਤੀ ਭਾਰਤ ਦੇ ਵਿਕਾਸ ਦੀ ਨਵੀਂ ਕਹਾਣੀ ਲਿਖ ਰਹੀ ਹੈ। ਭਾਰਤ ਨੇ ਹਾਲ ਹੀ ਵਿੱਚ ਪੌਣ-ਊਰਜਾ ਵਿੱਚ ਵੱਡੀ ਉਪਲਬਧੀ ਹਾਸਲ ਕੀਤੀ ਹੈ। ਹੁਣ ਭਾਰਤ ਦੀ ਪੌਣ-ਊਰਜਾ ਉਤਪਾਦਨ ਸਮਰੱਥਾ 56 ਗੀਗਾਵਾਟ ਤੋਂ ਵੱਧ ਹੋ ਚੁੱਕੀ ਹੈ।
- **ਟੀਮ 'ਤੇ ਮਾਣ :** ਫਰਾਂਸ ਦੇ ਬੋਰਦੋ ਵਿੱਚ ਆਯੋਜਿਤ 'ਯੂਰੋਪੀਅਨ ਗਰਲਜ਼ ਮੈਥੇਮੈਟੀਕਲ ਓਲੰਪੀਆਡ' ਵਿੱਚ ਸਾਡੀਆਂ ਧੀਆਂ ਨੇ ਹੁਣ ਤੱਕ ਦਾ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕੀਤਾ। ਮੈਨੂੰ ਇਸ ਪ੍ਰਤਿਭਾਸ਼ਾਲੀ ਟੀਮ 'ਤੇ ਬਹੁਤ ਮਾਣ ਹੈ। ਸਾਡੀ ਟੀਮ ਵਿਸ਼ਵ ਵਿੱਚ ਛੇਵੇਂ ਸਥਾਨ 'ਤੇ ਰਹੀ।
- **ਬੁੱਧ ਦੇ ਵਿਚਾਰ :** ਭਗਵਾਨ ਗੌਤਮ ਬੁੱਧ ਦਾ ਜੀਵਨ ਸੁਨੇਹਾ ਅੱਜ ਵੀ ਪ੍ਰਾਸੰਗਿਕ ਹੈ। ਉਨ੍ਹਾਂ ਨੇ ਸਾਨੂੰ ਸਿਖਾਇਆ ਹੈ ਕਿ ਸ਼ਾਂਤੀ ਸਾਡੇ ਅੰਦਰੋਂ ਸ਼ੁਰੂ ਹੁੰਦੀ ਹੈ, ਖੁਦ 'ਤੇ ਜਿੱਤ ਸਭ ਤੋਂ ਵੱਡੀ ਜਿੱਤ ਹੁੰਦੀ ਹੈ। ਅੱਜ ਦੁਨੀਆ ਜਿਸ ਤਰ੍ਹਾਂ ਦੇ ਤਣਾਅ ਅਤੇ ਸੰਘਰਸ਼ਾਂ ਵਿੱਚੋਂ ਲੰਘ ਰਹੀ ਹੈ, ਅਜਿਹੇ ਸਮੇਂ ਵਿੱਚ ਬੁੱਧ ਦੇ ਵਿਚਾਰ ਹੋਰ ਵੀ ਅਹਿਮ ਹੋ ਗਏ ਹਨ।
- **ਪਰੰਪਰਾਵਾਂ 'ਤੇ ਮਾਣ:** 'ਬੀਟਿੰਗ ਰਿਟ੍ਰੀਟ' ਦਾ ਸੰਗੀਤ ਪਹਿਲੀ ਵਾਰ 'ਵੇਵਸ ਓਟੀਟੀ' 'ਤੇ ਉਪਲਬਧ ਹੈ। ਆਉਣ ਵਾਲੇ ਸਮੇਂ ਵਿੱਚ ਇਹ ਦੂਜੇ ਪਲੈਟਫਾਰਮਾਂ 'ਤੇ ਵੀ ਮੌਜੂਦ ਹੋਵੇਗਾ - ਤੁਸੀਂ ਇਸ ਨੂੰ ਜ਼ਰੂਰ ਸੁਣੋ। ਤੁਹਾਨੂੰ ਆਪਣੀਆਂ ਆਰਮਡ ਫੋਰਸਿਜ਼ ਅਤੇ ਉਨ੍ਹਾਂ ਦੀਆਂ ਪਰੰਪਰਾਵਾਂ 'ਤੇ ਬਹੁਤ ਮਾਣ ਹੋਵੇਗਾ।
- **ਸੰਭਾਲ ਵਿੱਚ ਵਾਧਾ :** ਛੱਤੀਸਗੜ੍ਹ ਵਿੱਚ ਕਾਲੇ ਹਿਰਨ ਫਿਰ ਤੋਂ ਦਿਖਾਈ ਦੇਣ ਲੱਗੇ ਹਨ। ਇੱਕ ਸਮੇਂ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੋ ਗਈ ਸੀ, ਪਰ ਲਗਾਤਾਰ ਯਤਨ ਹੋਏ ਹੋਰ ਸੰਭਾਲ ਵਧਾਈ ਗਈ। ਅੱਜ ਇਹ ਫਿਰ ਤੋਂ ਖੁੱਲ੍ਹੇ ਮੈਦਾਨਾਂ ਵਿੱਚ ਦੌੜਦੇ ਨਜ਼ਰ ਆਉਂਦੇ ਹਨ। ਅਜਿਹੀ ਹੀ ਉਮੀਦ Great Indian bustard ਭਾਵ ਗੋਡਾਵਣ ਦੀ ਸੰਭਾਲ ਵਿੱਚ ਵੀ ਦਿਖਾਈ ਦੇ ਰਹੀ ਹੈ।
- **ਬਾਂਸ ਖੇਤਰ ਵਿੱਚ ਉੱਤਰ-ਪੂਰਬ ਦੀ ਸਫ਼ਲਤਾ :** ਜਿਸ ਚੀਜ਼ ਨੂੰ ਕਦੇ ਬੋਝ ਵਜੋਂ ਦੇਖਿਆ ਜਾਂਦਾ ਸੀ, 2017 ਵਿੱਚ ਕਾਨੂੰਨ ਵਿੱਚ ਬਦਲਾਅ ਕਰਕੇ ਬਾਂਸ ਨੂੰ ਰੁੱਖ ਦੀ ਸ਼੍ਰੇਣੀ ਤੋਂ ਬਾਹਰ ਕੀਤਾ। ਤਦ ਤੋਂ ਬਾਂਸ ਖੇਤਰ ਵਿੱਚ ਰੁਜ਼ਗਾਰ, ਕਾਰੋਬਾਰ ਅਤੇ ਇਨੋਵੇਸ਼ਨ ਨੂੰ ਨਵੀਂ ਗਤੀ ਮਿਲੀ ਹੈ। ਸਾਡੀਆਂ ਮਾਵਾਂ-ਭੈਣਾਂ ਇਸ ਦੀਆਂ ਸਭ ਤੋਂ ਵੱਡੀਆਂ ਲਾਭਾਰਥੀ ਹਨ।
- **ਵਿਸ਼ੇਸ਼ ਪੋਰਟਲ :** ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਨੇ ਇੱਕ ਵਿਸ਼ੇਸ਼ ਪੋਰਟਲ 'ਤੇ ਵਿਲੱਖਣ ਡਾਟਾਬੇਸ ਸਾਂਝਾ ਕੀਤਾ ਹੈ। ਇਸ ਸੰਸਥਾ ਨੇ 20 ਕਰੋੜ ਤੋਂ ਵੀ ਵੱਧ ਅਣਮੁੱਲੇ ਦਸਤਾਵੇਜ਼ਾਂ ਨੂੰ ਡਿਜੀਟਾਈਜ਼ ਕਰਕੇ ਜਨਤਕ ਕੀਤਾ ਹੈ। ਤੁਸੀਂ ਸਾਰੇ www.abhilekh-patal.in 'ਤੇ ਜ਼ਰੂਰ ਵਿਜ਼ਿਟ ਕਰੋ।
- **ਜਨਗਣਨਾ 2027 :** ਦੇਸ਼ ਦੀ ਜਨਗਣਨਾ ਸਿਰਫ਼ ਸਰਕਾਰੀ ਕੰਮ ਨਹੀਂ ਹੈ। ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਤੁਹਾਡੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਪ੍ਰਕਿਰਿਆ ਵਿੱਚ ਹਿੱਸਾ ਲਈਏ। ਜਨਗਣਨਾ 2027 ਨੂੰ ਸਫ਼ਲ ਬਣਾਈਏ।
- **ਲੋਕਲ ਤੋਂ ਗਲੋਬਲ:** ਭਾਰਤੀ ਚੀਜ਼ ਹੁਣ ਦੇਸ਼ ਦੀਆਂ ਸਰਹੱਦਾਂ ਤੋਂ ਨਿਕਲ ਕੇ ਦੁਨੀਆ ਦੇ ਬਜ਼ਾਰਾਂ ਅਤੇ ਰੈਸਟੋਰੈਂਟਸ ਤੱਕ ਪਹੁੰਚ ਰਹੀ ਹੈ। ਅੱਜ ਅਸੀਂ ਲੋਕਲ ਤੋਂ ਗਲੋਬਲ ਦੀ ਗੱਲ ਕਰਦੇ ਹਾਂ, ਉਸ ਵਿੱਚ ਭਾਰਤੀ ਚੀਜ਼ (Cheese) ਦੀ ਉਦਾਹਰਣ ਸਾਨੂੰ, ਅੱਗੇ ਦੀ ਦਿਸ਼ਾ ਦਿਖਾਉਂਦੀ ਹੈ।

'ਮਨ ਕੀ ਬੀਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ
# ਸਮਾਚਾਰ

ਜਿਲਦ: 6, ਅੰਕ: 22 | 16 - 31 ਮਈ, 2026

ਐਡੀਟਰ ਇਨ ਚੀਫ਼ :
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**


https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia

# ਅੰਦਰਲੇ ਪੰਨਿਆਂ ਉੱਤੇ...





ਭਾਰਤ ਵਿੱਚ ਜਨਗਣਨਾ ਸਿਰਫ਼ ਜਨਸੰਖਿਆ ਦੀ ਗਣਨਾ ਨਹੀਂ ਹੈ, ਸਗੋਂ ਇਹ ਭਾਰਤ ਦੀ ਸੰਪੂਰਨ ਨੀਤੀ-ਨਿਰਮਾਣ ਸੰਰਚਨਾ ਦੀ ਰੀੜ੍ਹ ਦੀ ਹੱਡੀ ਹੈ। ਹਰੇਕ ਦਹਾਕੇ ਦੀ ਸ਼ੁਰੂਆਤ ਵਿੱਚ ਹੋਣ ਵਾਲੀ ਜਨਗਣਨਾ ਭਾਵੇਂ ਕੋਵਿਡ ਦੇ ਕਾਰਨ ਇਸ ਵਾਰ ਦੇਰੀ ਨਾਲ ਅਪ੍ਰੈਲ 2026 ਵਿੱਚ ਸ਼ੁਰੂ ਹੋਈ ਹੋਵੇ, ਪਰ ਹੁਣ ਇਹ ਆਧੁਨਿਕ ਤਕਨੀਕ ਅਤੇ ਡਿਜੀਟਲ ਕ੍ਰਾਂਤੀ ਦੇ ਪ੍ਰਤੀਕ ਦੇ ਰੂਪ ਵਿੱਚ ਵਿਕਸਿਤ ਭਾਰਤ ਦਾ ਕਰਨ ਜਾ ਰਹੀ ਹੈ ਅਧਾਰ ਤਿਆਰ... | 8-26

**ਪੀਐੱਮ ਮੋਦੀ ਦਾ ਯੂਪੀ ਦੌਰਾ**

ਗੰਗਾ ਐਕਸਪ੍ਰੈੱਸਵੇਅ: ਨਵੇਂ ਸੁਪਨਿਆਂ ਅਤੇ ਮੌਕਿਆਂ ਦਾ ਗੇਟਵੇ





ਪੀਐੱਮ ਮੋਦੀ ਨੇ ਗੰਗਾ ਐਕਸਪ੍ਰੈੱਸਵੇਅ ਸਮੇਤ ਹਜ਼ਾਰਾਂ ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ | 27-29






**ਸਮਾਚਾਰ ਸਾਰ** | 4-5

**ਯਕੀਨੀ ਹੋ ਰਹੀ ਖੁਰਾਕ ਸੁਰੱਖਿਆ**
ਅੰਨ ਭੰਡਾਰਣ ਯੋਜਨਾ ਨਾਲ ਮਜ਼ਬੂਤ ਹੋ ਰਹੀ ਦੇਸ਼ ਦੀ ਅਰਥਵਿਵਸਥਾ | 6-7

**ਨਿਊਜ਼ੀਲੈਂਡ ਵਿੱਚ ਭਾਰਤੀ ਨਿਰਯਾਤ ਡਿਊਟੀ ਮੁਕਤ....**
ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ | 32-35

**ਭਾਰਤ ਆਲਮੀ ਅਰਥਵਿਵਸਥਾ ਦਾ ਪ੍ਰਮੁੱਖ ਥੰਮ੍ਹ**
ਕੋਰੀਆ ਦੇ ਰਾਸ਼ਟਰਪਤੀ ਦੀ ਭਾਰਤ ਯਾਤਰਾ | 36-37

**ਸ਼ਖਸੀਅਤ: ਕੁਮੁਦਿਨੀ ਲਾਖੀਆ**
ਭਾਰਤੀ ਸ਼ਾਸਤਰੀ ਨਾਚ ਦੀ ਮਹਾਨ ਸਾਧਿਕਾ | 38





**ਗਲੋਬਲ ਟੂਰਿਜ਼ਮ ਅਤੇ ਸੱਭਿਆਚਾਰਕ ਸਥਾਨ ਦਾ ਕੇਂਦਰ ਬਣਿਆ ਉੱਤਰ-ਪੂਰਬ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਿੱਕਮ ਦੇ ਦੌਰੇ ਦੌਰਾਨ 4,000 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ | 30-31



**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

# ਜਨਗਣਨਾ-2027
## ਵਿਕਸਿਤ ਭਾਰਤ ਦੀ ਯਾਤਰਾ ਦਾ ਅਧਾਰ...

*ਸਾਦਰ ਨਮਸਕਾਰ।*

ਭਾਰਤ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਜਨਗਣਨਾ-2027 ਦਾ ਅਭਿਆਨ ਸ਼ੁਰੂ ਹੋ ਗਿਆ ਹੈ। ਇਹ ਦੇਸ਼ ਦੇ ਸਭ ਤੋਂ ਵੱਡੇ ਪ੍ਰਸ਼ਾਸਨਿਕ ਅਤੇ ਅੰਕੜਾ ਅਭਿਆਨ ਦੀ ਸ਼ੁਰੂਆਤ ਹੈ। ਇਹ ਪੂਰੀ ਤਰ੍ਹਾਂ ਡਿਜੀਟਲ ਡੇਟਾ ਕੈਪਚਰ ਦੇ ਨਾਲ ਸਵੈ-ਗਣਨਾ ਦੀ ਸੁਵਿਧਾ ਵਾਲੀ ਭਾਰਤ ਦੀ ਪਹਿਲੀ ਜਨਗਣਨਾ ਹੈ। ਹਰ ਕਲਿਆਣਕਾਰੀ ਯੋਜਨਾ, ਹਰ ਚੋਣ ਖੇਤਰ ਦੀ ਸੀਮਾ, ਹਰ ਵਿਕਾਸ ਯੋਜਨਾ ਜਨਗਣਨਾ ਦੇ ਅੰਕੜਿਆਂ 'ਤੇ ਅਧਾਰਿਤ ਹੁੰਦੀ ਹੈ। ਭਾਰਤ ਵਿੱਚ ਜਨਗਣਨਾ 150 ਵਰ੍ਹਿਆਂ ਤੋਂ ਵੱਧ ਸਮੇਂ ਤੋਂ ਸੰਪੰਨ ਹੋ ਰਹੀ ਹੈ। ਪਹਿਲੀ ਪੂਰਨ ਜਨਗਣਨਾ 1881 ਵਿੱਚ ਬ੍ਰਿਟਿਸ਼ ਸ਼ਾਸਨ ਦੇ ਤਹਿਤ ਹੋਈ ਸੀ, ਓਦੋਂ ਤੋਂ ਹਰੇਕ 10 ਵਰ੍ਹੇ 'ਤੇ ਇਹ ਆਯੋਜਿਤ ਕੀਤੀ ਜਾ ਰਹੀ ਹੈ। ਪਿਛਲੀ ਜਨਗਣਨਾ 2011 ਵਿੱਚ ਹੋਈ ਸੀ ਅਤੇ 2021 ਵਿੱਚ ਪ੍ਰਸਤਾਵਿਤ ਸੀ। ਪਰ ਕੋਵਿਡ-19 ਮਹਾਮਾਰੀ ਦੇ ਕਾਰਨ ਇਹ ਜਨਗਣਨਾ ਮੁਲਤਵੀ ਕਰਨੀ ਪਈ ਸੀ। ਅਜਿਹੇ ਵਿੱਚ 2027 ਦੀ ਜਨਗਣਨਾ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੋ ਜਾਂਦੀ ਹੈ ਕਿਉਂਕਿ ਇਹ ਲੰਬੇ ਅੰਤਰਾਲ ਤੋਂ ਬਾਅਦ ਨਵੀਂ ਤਸਵੀਰ ਪੇਸ਼ ਕਰੇਗੀ। ਇਹ ਜਨਗਣਨਾ ਇਸ ਲਈ ਵੀ ਵਿਸ਼ੇਸ਼ ਹੈ ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇਸ ਪੂਰੀ ਪ੍ਰਕਿਰਿਆ ਵਿੱਚ ਜਾਤੀਗਤ ਜਨਗਣਨਾ ਵੀ ਸ਼ਾਮਲ ਕੀਤੀ ਗਈ ਹੈ। ਸਮਾਜਿਕ ਇਕਸਾਰਤਾ ਅਤੇ ਨਿਆਂ ਦੀ ਦਿਸ਼ਾ ਵਿੱਚ ਇਹ ਇੱਕ ਪ੍ਰਭਾਵਸ਼ਾਲੀ ਕਦਮ ਹੈ।

ਜਨਗਣਨਾ ਦਾ ਸਿੱਧਾ ਅਰਥ ਹੈ, ਦੇਸ਼ ਦੇ ਹਰੇਕ ਵਿਅਕਤੀ ਦੀ ਗਣਨਾ ਅਤੇ ਉਸ ਨਾਲ ਸਬੰਧਿਤ ਸਮਾਜਿਕ-ਆਰਥਿਕ ਜਾਣਕਾਰੀ ਦਾ ਸੰਗ੍ਰਹਿ। ਇਹ ਦਸ ਵਰ੍ਹਿਆਂ ਦੀ ਪ੍ਰਕਿਰਿਆ ਨਾਲ ਇਹ ਸਮਝਣਾ ਸਹਿਜ ਹੋ ਜਾਂਦਾ ਹੈ ਕਿ ਦੇਸ਼ ਵਿੱਚ ਕਿੰਨੇ ਲੋਕ ਰਹਿੰਦੇ ਹਨ, ਉਨ੍ਹਾਂ ਦੀ ਉਮਰ ਸੰਰਚਨਾ ਕੀ ਹੈ, ਸਿੱਖਿਆ ਦਾ ਪੱਧਰ ਕਿਹੋ ਜਿਹਾ ਹੈ, ਰੁਜ਼ਗਾਰ ਦੀ ਸਥਿਤੀ ਕੀ ਹੈ ਅਤੇ ਉਹ ਕਿਹੜੀਆਂ ਸੁਵਿਧਾਵਾਂ ਨਾਲ ਲੈਸ ਜਾਂ ਵਾਂਝੇ ਹਨ। ਜਨਗਣਨਾ ਤੋਂ ਪ੍ਰਾਪਤ ਅੰਕੜੇ ਸਰਕਾਰ ਦੀਆਂ ਨੀਤੀਆਂ ਦਾ ਅਧਾਰ ਬਣਦੇ ਹਨ।

ਸੜਕ, ਸਿੱਖਿਆ, ਸਿਹਤ, ਜਲ ਸਪਲਾਈ, ਆਵਾਸ, ਰੁਜ਼ਗਾਰ ਜਿਹੇ ਸਾਰੇ ਖੇਤਰ ਦੀ ਯੋਜਨਾ ਇਨ੍ਹਾਂ ਅੰਕੜਿਆਂ ਦੇ ਅਧਾਰ 'ਤੇ ਤਿਆਰ ਹੁੰਦੀ ਹੈ। ਭਾਵ ਨੀਤੀ ਅਤੇ ਯੋਜਨਾਵਾਂ ਦੇ ਨਿਰਮਾਣ ਅਤੇ ਲਾਗੂਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਨਗਣਨਾ ਦੀ ਸਫ਼ਲਤਾ ਸਿਰਫ਼ ਸਰਕਾਰ ਦੇ ਯਤਨਾਂ 'ਤੇ ਨਿਰਭਰ ਨਹੀਂ ਕਰਦੀ, ਸਗੋਂ ਇਸ ਵਿੱਚ ਜਨਤਕ ਸ਼ਮੂਲੀਅਤ ਵੀ ਓਨੀ ਹੀ ਮਹੱਤਵਪੂਰਨ ਹੈ। ਹਰ ਨਾਗਰਿਕ ਦਾ ਇਹ ਫਰਜ਼ ਹੈ ਕਿ ਉਹ ਸਹੀ ਅਤੇ ਪੂਰੀ ਜਾਣਕਾਰੀ ਪ੍ਰਦਾਨ ਕਰੇ। ਇਹ ਸਿਰਫ਼ ਇੱਕ ਰਸਮੀਕਰਣ ਨਹੀਂ, ਸਗੋਂ ਦੇਸ਼ ਨਿਰਮਾਣ ਵਿੱਚ ਯੋਗਦਾਨ ਹੈ। ਜਨਗਣਨਾ ਦੀ ਪ੍ਰਕਿਰਿਆ, ਉਸ ਦੇ ਉਦੇਸ਼, ਮਹੱਤਵ, ਉਪਯੋਗ ਅਤੇ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਯੋਗਦਾਨ ਨੂੰ ਦਰਸਾਉਂਦੀ ਜਨਗਣਨਾ 2027 ਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।


ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਭਾਰਤੀ ਸ਼ਾਸਤਰੀ ਨਾਚ ਦੀ ਮਹਾਨ ਸਾਧਿਕਾ ਕੁਮੁਦਿਨੀ ਲਾਖੀਆ, ਫਲੈਗਸ਼ਿਪ ਵਿੱਚ ਅੰਨ ਭੰਡਾਰਣ ਯੋਜਨਾ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ ਮਨ ਕੀ ਬਾਤ ਅਤੇ ਬੈਕ ਕਵਰ 'ਤੇ ਦੇਵਭੂਮੀ ਉੱਤਰਾਖੰਡ ਵਿੱਚ ਚਾਰਧਾਮ ਯਾਤਰਾ ਦੀ ਸ਼ੁਰੂਆਤ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਸ਼ੁਭਕਾਮਨਾਵਾਂ ਅਤੇ ਲਿਖੇ ਗਏ ਪੱਤਰ ਦੇ ਅੰਸ਼ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ। ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

**(ਧੀਰੇਂਦਰ ਓਝਾ)**

**ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।**
**https://newindiasamachar.pib.gov.in/news.aspx**

# ਆਪਕੀ ਬਾਤ ...






## ਪੱਤ੍ਰਿਕਾ ਅਪਡੇਟ ਜਾਣਕਾਰੀ ਦਾ ਖਜ਼ਾਨਾ

ਮੈਂ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਪੱਤ੍ਰਿਕਾ ਵਿੱਚ ਮੈਨੂੰ ਸੰਪਾਦਕੀ ਤੋਂ ਪੂਰੇ ਮੁੱਦੇ ਬਾਰੇ ਜਾਣਕਾਰੀ ਮਿਲਦੀ ਹੈ। ਇਸ ਜਾਣਕਾਰੀ ਦੇ ਅਧਾਰ 'ਤੇ ਪੱਤ੍ਰਿਕਾ ਪੜ੍ਹਨ ਵਾਲਿਆਂ ਦੇ ਲਈ ਉਪਯੋਗੀ ਹੋ ਜਾਂਦੀ ਹੈ। ਇਹ ਪੱਤ੍ਰਿਕਾ ਅਪਡੇਟ ਜਾਣਕਾਰੀ ਦਾ ਖਜ਼ਾਨਾ ਹੈ, ਇਸ ਲਈ ਮੈਨੂੰ ਮਾਣ ਹੈ ਕਿ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਵਿਕਸਿਤ ਭਾਰਤ' ਦੇ ਟੀਚੇ ਨੂੰ ਪਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

**balkrishnakasar5@gmail.com**

## ਡੂੰਘੇ ਪ੍ਰਭਾਵ ਦੇ ਨਾਲ ਸ਼ਾਨਦਾਰ ਸਮੱਗਰੀ

ਨਿਊ ਇੰਡੀਆ ਸਮਾਚਾਰ ਦਾ 5 ਅਪ੍ਰੈਲ ਦਾ 'ਨੈਸ਼ਨਲ ਮੈਰੀਟਾਈਮ ਸਪੈਸ਼ਲ' ਅੰਕ ਆਪਣੀ ਸਮੱਗਰੀ ਅਤੇ ਪ੍ਰਭਾਵ ਦੋਵਾਂ ਪੱਖੋਂ ਸ਼ਾਨਦਾਰ ਸੀ। ਇੱਕ ਅਰਥ ਸ਼ਾਸਤਰ ਦੇ ਅਧਿਆਪਕ ਵਜੋਂ, ਮੈਨੂੰ ਇਸ ਵਿਸ਼ੇਸ਼ ਅੰਕ ਤੋਂ ਬਹੁਤ ਲਾਭ ਹੋਇਆ ਹੈ। ਮੈਂ ਯਕੀਨੀ ਤੌਰ 'ਤੇ ਆਪਣੇ ਵਿਦਿਆਰਥੀਆਂ ਅਤੇ ਭਾਰਤ ਦੀ ਵਿਆਪਕ ਸਮਝ ਪ੍ਰਾਪਤ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਇਸ ਪ੍ਰਕਾਸ਼ਨ ਨੂੰ ਪੜ੍ਹਨ ਦੀ ਸਿਫ਼ਾਰਿਸ਼ ਕਰਾਂਗਾ।

**ਡਾ. ਜੀਜੀਕੁਮਾਰੀ ਟੀ**

**jijikumari@gmail.com**

## ਵਿਸ਼ਾਲ ਜਾਣਕਾਰੀ ਨਾਲ ਭਰਪੂਰ

ਨਿਊ ਇੰਡੀਆ ਸਮਾਚਾਰ ਮੈਗਜ਼ੀਨ ਦਾ ਨਵੀਨਤਮ ਅੰਕ ਸੰਖੇਪ ਫਾਰਮੈਟ ਵਿੱਚ ਵਿਸ਼ਾਲ ਜਾਣਕਾਰੀ ਨਾਲ ਭਰਪੂਰ ਹੈ। ਮੈਂ ਇਹ ਪੱਤ੍ਰਿਕਾ ਬਹੁਤ ਲੰਬੇ ਸਮੇਂ ਤੋਂ ਪੜ੍ਹ ਰਿਹਾ ਹਾਂ ਅਤੇ ਇਸ ਵਿੱਚ ਦਿੱਤੀ ਗਈ ਜਾਣਕਾਰੀ ਹਮੇਸ਼ਾ ਬਿਹਤਰੀਨ ਅਤੇ ਸ਼ਾਨਦਾਰ ਹੁੰਦੀ ਹੈ। ਪਰ ਇਸ ਵਾਰ ਪੂਰੀ ਟੀਮ ਦੀ ਕੋਸ਼ਿਸ਼ ਇੱਕ ਨਾਗਰਿਕ ਦੀ ਸੰਤੁਸ਼ਟੀ ਦੇ ਲਿਹਾਜ਼ ਨਾਲ ਸਭ ਤੋਂ ਉੱਚੇ ਲੈਵਲ ਦੀ ਹੈ, ਜਿਸ ਵਿੱਚ ਦੇਸ਼ ਦੇ ਸਮੁੰਦਰੀ ਤਟ ਦੀ ਦੌਲਤ ਅਤੇ ਟ੍ਰਾਂਸਪੋਰਟ ਦੀ ਸਮਰੱਥਾ 'ਤੇ ਖਾਸ ਕਵਰੇਜ ਸ਼ਾਮਲ ਹੈ। ਜਾਣਕਾਰੀ ਇਕੱਠਾ ਕਰਨ ਅਤੇ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਪੇਸ਼ ਕਰਨ ਦੇ ਲਿਹਾਜ਼ ਨਾਲ ਉੱਚੇ ਸਟੈਂਡਰਡ ਦੀ ਹੈ। ਇਸ ਲੇਟੈਸਟ ਪਬਲੀਕੇਸ਼ਨ ਨੂੰ ਅਸਲ ਵਿੱਚ ਸ਼ਿਪਿੰਗ ਇੰਡਸਟ੍ਰੀ ਵਿੱਚ ਦੇਸ਼ ਦੇ ਸਮੁੰਦਰੀ ਮਹੱਤਵ ਅਤੇ ਦਬਦਬੇ ਦੇ ਲਈ ਇੱਕ ਰੈਂਫਰੈਂਸ ਬੁੱਕ ਮੰਨਿਆ ਜਾਵੇਗਾ। ਪੱਤ੍ਰਿਕਾ ਦਾ ਸਭ ਤੋਂ ਚੰਗਾ ਹਿੱਸਾ ਬਾਬੂ ਜਗਜੀਵਨ ਰਾਮ 'ਤੇ ਆਰਟੀਕਲ ਹੈ ਜੋ ਸਵਰਗੀ ਮਹਾਨ ਨੇਤਾ  ਪ੍ਰਤੀ ਪੂਰੇ ਸਨਮਾਨ ਦੇ ਨਾਲ ਲਿਖਿਆ ਗਿਆ ਹੈ।

**ਮਨਮੋਹਨ ਬਹੇਡ ਦਾਧੀਚ**

**man.bahed82@gmail.com**

## ਪੱਤ੍ਰਿਕਾ ਵਿੱਚ ਹੁੰਦੇ ਹਨ ਭਾਰਤ ਦੇ ਬਹੁਤ ਸਾਰੇ ਦਿਲਚਸਪ ਵਿਸ਼ੇ

ਮੈਂ ਨਿਊ ਇੰਡੀਆ ਸਮਾਚਾਰ ਦੀ ਈ-ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਇਹ ਪੱਤ੍ਰਿਕਾ ਬਹੁਤ ਦਿਲਚਸਪ ਹੈ ਅਤੇ ਇਸ ਵਿੱਚ ਭਾਰਤ ਦੇ ਬਹੁਤ ਸਾਰੇ ਦਿਲਚਸਪ ਵਿਸ਼ੇ ਹੁੰਦੇ ਹਨ।

**sangitadatta937@gmail.com**

## ਤਰੱਕੀ ਅਤੇ ਵੈਲਫੇਅਰ ਸਕੀਮਾਂ ਬਾਰੇ ਜਾਣਨ ਦਾ ਚੰਗਾ ਜ਼ਰੀਆ

ਭਾਰਤ ਸਰਕਾਰ ਵੱਲੋਂ ਪਬਲਿਸ਼ ਹੋਣ ਵਾਲੀ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦੇਸ਼ ਦੀ ਤਰੱਕੀ ਅਤੇ ਵੱਖ-ਵੱਖ ਵੈੱਲਫੇਅਰ ਸਕੀਮਾਂ ਬਾਰੇ ਜਾਣਨ ਦਾ ਇੱਕ ਬਹੁਤ ਚੰਗਾ ਜ਼ਰੀਆ ਹੈ। ਮੈਂ ਇਸ ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ।

**ਰਾਜ ਕਿਸ਼ੋਰ ਨਾਇਕ**

**rajkishorenayak405@gmail.com**


ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110 003

**ਈਮੇਲ:- response-nis@pib.gov.in**



## ਮਹਿਲਾਵਾਂ ਦੀ ਰੁਜ਼ਗਾਰ ਦਰ ਵਿੱਚ ਲਗਭਗ ਦੁੱਗਣਾ ਵਾਧਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਵਿੱਚ ਮਹਿਲਾਵਾਂ ਦੇ ਲਈ ਨਵੇਂ ਅਤੇ ਅਨੁਕੂਲ ਮੌਕੇ ਖੁੱਲ੍ਹ ਰਹੇ ਹਨ, ਜਿਸ ਨਾਲ ਮਹਿਲਾ ਰੁਜ਼ਗਾਰ ਦੇ ਸੂਚਕਾਂ ਵਿੱਚ ਬੇਮਿਸਾਲ ਸੁਧਾਰ ਹੋਇਆ ਹੈ। ਮਹਿਲਾ ਕਿਰਤ ਬਲ ਸ਼ਮੂਲੀਅਤ ਦਰ ਪਿਛਲੇ ਸੱਤ ਵਰ੍ਹਿਆਂ ਵਿੱਚ ਬਹੁਤ ਵਧੀ ਹੈ। ਵਰ੍ਹੇ 2017-18 ਵਿੱਚ 23.3% ਤੋਂ ਵਧ ਕੇ 2025 ਵਿੱਚ 40% ਹੋ ਗਈ ਹੈ। ਇਸ ਮਿਆਦ ਵਿੱਚ ਮਹਿਲਾ ਵਰਕਰ ਜਨਸੰਖਿਆ ਅਨੁਪਾਤ ਵੀ 22 ਪ੍ਰਤੀਸ਼ਤ ਤੋਂ ਵਧ ਕੇ ਲਗਭਗ 39 ਪ੍ਰਤੀਸ਼ਤ ਹੋ ਗਿਆ ਹੈ। ਇਸ ਤੋਂ ਇਲਾਵਾ, ਮਹਿਲਾ ਬੇਰੁਜ਼ਗਾਰੀ ਦਰ 5.6 ਪ੍ਰਤੀਸ਼ਤ ਤੋਂ ਘਟ ਕੇ 3.1 ਪ੍ਰਤੀਸ਼ਤ ਹੋ ਗਈ ਹੈ। ਇਹ ਦਰਸਾਉਂਦਾ ਹੈ ਕਿ ਰੁਜ਼ਗਾਰ ਦੀ ਤਲਾਸ਼ ਕਰਨ ਵਾਲੀਆਂ ਮਹਿਲਾਵਾਂ ਹੁਣ ਵੱਧ ਸਫ਼ਲਤਾਪੂਰਵਕ ਰੁਜ਼ਗਾਰ ਪ੍ਰਾਪਤ ਕਰ ਰਹੀਆਂ ਹਨ। ਕੇਂਦਰੀ ਕਿਰਤ ਅਤੇ ਰੁਜ਼ਗਾਰ ਮੰਤਰੀ ਡਾ. ਮਨਸੁਖ ਮਾਂਡਵੀਆ ਨੇ ਕਿਹਾ ਕਿ ਪਿਛਲੇ ਇੱਕ ਦਹਾਕੇ ਵਿੱਚ ਭਾਰਤ ਦੀ ਸਮਾਜਿਕ ਸੁਰੱਖਿਆ ਕਵਰੇਜ ਵਿੱਚ ਲਗਭਗ ਤਿੰਨ ਗੁਣਾ ਵਿਸਤਾਰ ਹੋਇਆ ਹੈ ਜੋ ਵਰ੍ਹੇ 2015 ਦੇ 19 ਪ੍ਰਤੀਸ਼ਤ ਤੋਂ ਵਧ ਕੇ ਵਰ੍ਹੇ 2025 ਵਿੱਚ 64.3 ਪ੍ਰਤੀਸ਼ਤ ਤੋਂ ਵੱਧ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਰਤ ਕਾਨੂੰਨ ਸੁਧਾਰ, ਡਿਜੀਟਲ ਸਮਾਵੇਸ਼ਨ ਅਤੇ ਟੀਚਾਬੱਧ ਕਲਿਆਣ ਵੰਡ ਜਿਹੇ ਖੇਤਰਾਂ ਵਿੱਚ ਲਗਾਤਾਰ ਨੀਤੀਗਤ ਕਾਰਵਾਈ ਦਾ ਨਤੀਜਾ ਹੈ।



## ਸਭ ਤੋਂ ਉੱਚੇ ਪੱਧਰ 'ਤੇ ਸੀ-ਫੂਡ ਦਾ ਨਿਰਯਾਤ...

### 72 ਹਜ਼ਾਰ ਕਰੋੜ ਰੁਪਏ ਤੋਂ ਪਾਰ

ਵਿਕਸਿਤ ਭਾਰਤ 2047 ਦੇ ਸੰਕਲਪ ਦੀ ਸਿੱਧੀ ਵਿੱਚ ਮੱਛੀ ਪਾਲਣ ਖੇਤਰ ਦੀ ਮਹੱਤਵਪੂਰਨ ਭੂਮਿਕਾ ਹੈ। ਇਹੀ ਵਜ੍ਹਾ ਹੈ ਕਿ ਕੇਂਦਰ ਸਰਕਾਰ ਮੱਛੀ ਪਾਲਣ ਅਤੇ ਐਕੁਆਕਲਚਰ ਨੂੰ ਮਜ਼ਬੂਤ ਕਰਨ, ਵੈਲਿਊ ਚੇਨਸ ਦਾ ਆਧੁਨਿਕੀਕਰਣ ਕਰਨ ਅਤੇ ਸੀ-ਫੂਡ ਦੇ ਨਿਰਯਾਤ ਦੇ ਵਿਸਤਾਰ ਦੇ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਦਾ ਨਤੀਜਾ ਹੈ ਕਿ ਭਾਰਤ ਦਾ ਸੀ-ਫੂਡ ਨਿਰਯਾਤ 72 ਹਜ਼ਾਰ ਕਰੋੜ ਰੁਪਏ ਦੇ ਸੱਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਇਸ ਦੀ ਮਾਤਰਾ 19.32 ਲੱਖ ਮੀਟ੍ਰਿਕ ਟਨ ਤੱਕ ਪਹੁੰਚ ਗਈ। ਫ੍ਰੋਜ਼ਨ ਝੀਂਗਾ ਨੇ ਭਾਰਤ ਦੇ ਰਿਕਾਰਡ ਸਮੁੰਦਰੀ ਖੁਰਾਕ ਨਿਰਯਾਤ ਵਿੱਚ 47,973 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਹੈ।



## ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ 2026 ਦੇ ਲਈ ਕਰੋ ਨਾਮਜ਼ਦਗੀ

ਤੁਸੀਂ ਪ੍ਰਧਾਨ ਮੰਤਰੀ ਰਾਸ਼ਟਰੀਯ ਬਾਲ ਪੁਰਸਕਾਰ 2026 ਦੇ ਲਈ ਖੁਦ ਨੂੰ ਫਿੱਟ ਮੰਨਦੇ ਹੋ ਤਾਂ ਨਾਮਜ਼ਦਗੀ ਕਰੋ। ਨਾਮਜ਼ਦਗੀ ਦੀ ਆਖਰੀ ਮਿਤੀ 31 ਜੁਲਾਈ 2026 ਹੈ। ਇਹ ਰਾਸ਼ਟਰੀ ਪੱਧਰ ਦਾ ਇੱਕ ਵੱਕਾਰੀ ਪੁਰਸਕਾਰ ਹੈ ਜੋ ਪ੍ਰਤੀ ਵਰ੍ਹੇ ਦੇਸ਼ ਭਰ ਦੇ ਬੱਚਿਆਂ ਦੀ ਅਸਾਧਾਰਨ ਉਪਲਬਧੀਆਂ ਨੂੰ ਮਾਨਤਾ ਦੇਣ ਦੇ ਲਈ ਪ੍ਰਦਾਨ ਕੀਤਾ ਜਾਂਦਾ ਹੈ। ਇਹ ਪੁਰਸਕਾਰ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਬਹਾਦਰੀ, ਖੇਡ, ਸਮਾਜਿਕ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ ਅਤੇ ਕਲਾ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ ।


ਭਾਰਤ ਵਿੱਚ ਰਹਿਣ ਵਾਲਾ ਕੋਈ ਵੀ ਭਾਰਤੀ ਨਾਗਰਿਕ, ਜਿਸ ਦੀ ਉਮਰ 31 ਜੁਲਾਈ 2026 ਨੂੰ 5 ਤੋਂ 18 ਵਰ੍ਹਿਆਂ ਤੱਕ ਹੋਵੇ, ਇਨ੍ਹਾਂ ਪੁਰਸਕਾਰਾਂ ਦੇ ਲਈ ਯੋਗ ਹੈ। ਨਾਮਾਂਕਣ ਸਿਰਫ਼ ਰਾਸ਼ਟਰੀ ਪੁਰਸਕਾਰ ਪੋਰਟਲ https://awards.gov.in 'ਤੇ ਹੀ ਸਵੀਕਾਰ ਕੀਤੇ ਜਾਣਗੇ। ਪੁਰਸਕਾਰਾਂ ਦੇ ਲਈ ਸਵੈ-ਨਾਮਾਂਕਣਾਂ ਅਤੇ ਸਿਫਾਰਿਸ਼ਾਂ, ਦੋਵਾਂ 'ਤੇ ਵਿਚਾਰ ਕੀਤਾ ਜਾਵੇਗਾ।



# ਔਨਲਾਈਨ ਗੇਮਿੰਗ ਪਲੈਟਫਾਰਮ ਯੂਜ਼ਰ ਦਾ ਡੇਟਾ ਭਾਰਤ ਵਿੱਚ ਸਟੋਰ ਕਰਨਗੇ

**ਸੰਸਦ ਨੇ ਨਾਗਰਿਕਾਂ ਨੂੰ ਔਨਲਾਈਨ ਮਨੀ ਗੇਮਸ ਦੇ ਵਧਦੇ ਖਤਰੇ ਤੋਂ ਬਚਾਉਣ, ਈ-ਸਪੋਰਟਸ ਅਤੇ ਔਨਲਾਈਨ ਸੋਸ਼ਲ ਗੇਮਸ ਦੇ ਲਈ ਇੱਕ ਅਨੁਕੂਲ ਢਾਂਚਾ ਤਿਆਰ ਕਰਨ ਦੇ ਉਦੇਸ਼ ਨਾਲ ਅਗਸਤ, 2025 ਵਿੱਚ ਔਨਲਾਈਨ ਗੇਮਿੰਗ ਪ੍ਰਮੋਸ਼ਨ ਐਂਡ ਰੈਗੂਲੇਸ਼ਨ ਐਕਟ, 2025 ਪਾਸ ਕੀਤਾ ਸੀ। ਉਸੇ ਕੜੀ ਵਿੱਚ ਕੇਂਦਰ ਸਰਕਾਰ ਨੇ ਹੁਣ ਗੇਮਿੰਗ ਪ੍ਰਮੋਸ਼ਨ ਐਂਡ ਰੈਗੂਲੇਸ਼ਨ ਨਿਯਮ, 2026 ਨੋਟੀਫਾਈ ਕੀਤਾ ਹੈ ਜੋ 1 ਮਈ, 2026 ਤੋਂ ਲਾਗੂ ਹੋ ਗਿਆ ਹੈ।**

- ਇੱਕ ਅਜਿਹੀ ਸਪਸ਼ਟ, ਪਾਰਦਰਸ਼ੀ ਅਤੇ ਸਮਾਂਬੱਧ ਵਿਧੀ ਤਿਆਰ ਹੋਵੇਗੀ ਜਿਸ ਵਿੱਚ ਕੋਈ ਔਨਲਾਈਨ ਗੇਮ ਔਨਲਾਈਨ ਮਨੀ ਗੇਮ (ਵਰਜਿਤ) ਹੈ ਜਾਂ ਔਨਲਾਈਨ ਸਮਾਜਿਕ ਗੇਮ ਜਾਂ ਈ-ਸਪੋਰਟਸ ਹੈ, ਇਹ ਸਾਫ ਹੋ ਸਕੇਗੀ। ਇਸ ਵਿੱਚ ਈ-ਸਪੋਰਟਸ ਅਤੇ ਕੁਝ ਔਨਲਾਈਨ ਗੇਮਸ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਵੀ ਦਿੱਤੀ ਗਈ ਹੈ।
- ਇੱਕ ਔਨਲਾਈਨ ਗੇਮਿੰਗ ਅਥਾਰਿਟੀ ਬਣੇਗੀ ਜੋ ਔਨਲਾਈਨ ਸਮਾਜਿਕ ਖੇਡਾਂ ਅਤੇ ਈ-ਸਪੋਰਟਸ ਦਾ ਡਿਜੀਟਲ ਰੈਗੂਲੇਟਰ ਹੋਵੇਗੀ।
- ਆਮ ਤੌਰ 'ਤੇ ਕਿਸੇ ਔਨਲਾਈਨ ਗੇਮ ਨੂੰ ਅਥਾਰਿਟੀ ਦੇ ਕੋਲ ਰਜਿਸਟ੍ਰੇਸ਼ਨ ਦੀ ਜ਼ਰੂਰਤ ਨਹੀਂ ਹੋਵੇਗੀ ਪਰ ਕੇਂਦਰ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਕਹੇ ਕਿ ਕਿਸੇ ਗੇਮ ਜਾਂ ਗੇਮ ਦੀ ਸ਼੍ਰੇਣੀ ਨੂੰ ਰਜਿਸਟਰ ਕਰਨਾ ਜ਼ਰੂਰੀ ਹੈ ਤਾਂ ਕਰਵਾਉਣਾ ਹੋਵੇਗਾ।
- ਈ-ਸਪੋਰਟ ਨੂੰ ਰਜਿਸਟ੍ਰੇਸ਼ਨ ਕਰਵਾਉਣਾ ਹੋਵੇਗਾ। ਅਥਾਰਿਟੀ ਉਸ ਨੂੰ ਰਜਿਸਟਰ ਕਰੇਗੀ, ਬਸ਼ਰਤੇ ਉਹ ਗੇਮ ਨੈਸ਼ਨਲ ਸਪੋਰਟਸ ਗਵਰਨੈਂਸ ਐਕਟ, 2025 ਦੇ ਤਹਿਤ ਮਾਨਤਾ ਪ੍ਰਾਪਤ ਹੋਵੇ।
- ਨਿਯਮ 17 ਵਿੱਚ ਕਿਹਾ ਗਿਆ ਹੈ ਕਿ ਯੂਜ਼ਰ ਦਾ ਡੇਟਾ ਭਾਰਤ ਵਿੱਚ ਸਟੋਰ ਕਰਨਾ ਹੋਵੇਗਾ ਅਤੇ ਤੈਅ ਸਮੇਂ ਤੱਕ ਸੁਰੱਖਿਅਤ ਰੱਖਣਾ ਹੋਵੇਗਾ।
- ਅਜਿਹੇ ਔਨਲਾਈਨ ਗੇਮ ਜਿਸ ਨੂੰ ਮਨੀ ਗੇਮ ਮੰਨਿਆ ਜਾਵੇਗਾ, ਉਸ ਦੀ ਸੂਚੀ ਨਾਂ ਅਤੇ ਵੇਰਵੇ ਸਮੇਤ ਅਥਾਰਿਟੀ ਆਪਣੀ ਵੈੱਬਸਾਈਟ ਜਾਂ ਐਪ 'ਤੇ ਜਨਤਕ ਕਰੇਗਾ।
- ਹਰੇਕ ਗੇਮਿੰਗ ਕੰਪਨੀ ਉਪਭੋਗਤਾ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਇੱਕ ਵਿਧੀ ਸਥਾਪਿਤ ਕਰੇਗੀ। ਜੇਕਰ ਯੂਜ਼ਰ ਕੰਪਨੀ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੈ, ਤਦ 30 ਦਿਨ ਦੇ ਅੰਦਰ ਅਥਾਰਿਟੀ ਦੇ ਕੋਲ ਸ਼ਿਕਾਇਤ ਕਰ ਸਕਦਾ ਹੈ।



## ਫੂਡ ਪ੍ਰੋਸੈਸਿੰਗ ਦੇ ਲਈ ਪੀਐੱਲਆਈ ਸਕੀਮ ਨਾਲ 3.39 ਲੱਖ ਨੌਕਰੀਆਂ ਦੀ ਸਿਰਜਣਾ

ਫੂਡ ਪ੍ਰੋਸੈਸਿੰਗ ਉਦਯੋਗ ਦੇ ਲਈ ਉਤਪਾਦਨ 'ਤੇ ਅਧਾਰਿਤ ਪ੍ਰੋਤਸਾਹਨ ਯੋਜਨਾ (ਪੀਐੱਲਆਈਐੱਸਐੱਫਪੀਆਈ) 'ਤੇ ਸਰਕਾਰ 2021-22 ਤੋਂ ਚਾਲੂ ਵਿੱਤ ਵਰ੍ਹੇ 2026-27 ਤੱਕ 10,900 ਕਰੋੜ ਰੁਪਏ ਖਰਚ ਕਰ ਰਹੀ ਹੈ। ਇਸ ਦਾ ਉਦੇਸ਼ ਵਿਕਰੀ ਵਿੱਚ ਵਾਧਾ ਅਤੇ ਬ੍ਰਾਂਡ ਦੇ ਪ੍ਰਚਾਰ ਨੂੰ ਪ੍ਰੋਤਸਾਹਿਤ ਕਰਕੇ ਆਲਮੀ ਪੱਧਰ 'ਤੇ ਭਾਰਤੀ ਖੁਰਾਕ ਮੈਨੂਫੈਕਚਰਿੰਗ ਖੇਤਰ ਦੀਆਂ ਮੋਹਰੀ ਕੰਪਨੀਆਂ ਦਾ ਨਿਰਮਾਣ ਕਰਨਾ ਹੈ। ਇਸ ਯੋਜਨਾ ਦੇ ਤਹਿਤ ਫਰਵਰੀ, 2026 ਤੱਕ 274 ਪ੍ਰੋਜੈਕਟ ਸਾਈਟਾਂ ਨਾਲ ਸਬੰਧਿਤ 165 ਅਰਜ਼ੀਆਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ ਜਿਸ ਵਿੱਚ 2,162.55 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਗਈ ਹੈ। ਇਨ੍ਹਾਂ ਪ੍ਰੋਜੈਕਟਾਂ ਨਾਲ 3.39 ਲੱਖ ਨੌਕਰੀਆਂ ਪੈਦਾ ਹੋਈਆਂ ਹਨ ਜੋ ਨਿਰਧਾਰਿਤ ਕੀਤੇ ਗਏ 2.5 ਲੱਖ ਰੁਜ਼ਗਾਰ ਦੇ ਟੀਚੇ ਤੋਂ ਬਹੁਤ ਵੱਧ ਹੈ। ਫੂਡ ਪ੍ਰੋਸੈਸਿੰਗ ਅਤੇ ਸੁਰੱਖਿਆ ਸਮਰੱਥਾ ਵਿੱਚ ਪ੍ਰਤੀ ਵਰ੍ਹੇ 34 ਲੱਖ ਮੀਟ੍ਰਿਕ ਟਨ ਵਾਧਾ ਹੋਇਆ ਹੈ।



## ਭਾਰਤ ਦੀ 99ਵੀਂ ਰਾਮਸਰ ਸਾਈਟ ਬਣੀ ਸ਼ੇਖਾ ਝੀਲ ਬਰਡ ਸੈਂਚੂਰੀ

ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਭੂਪੇਂਦਰ ਯਾਦਵ ਨੇ 22 ਅਪ੍ਰੈਲ ਨੂੰ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਿੱਚ ਸਥਿਤ ਸ਼ੇਖਾ ਝੀਲ ਬਰਡ ਸੈਂਚੂਰੀ ਨੂੰ ਭਾਰਤ ਦੀ 99ਵੀਂ ਰਾਮਸਰ ਸਾਈਟ ਐਲਾਨ ਕੀਤਾ। ਇਸ ਦੇ ਨਾਲ ਹੀ ਉੱਤਰ ਪ੍ਰਦੇਸ਼ ਵਿੱਚ ਇਨ੍ਹਾਂ ਸਾਈਟਾਂ ਦੀ ਸੰਖਿਆ ਵਧ ਕੇ 12 ਹੋ ਗਈ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੇ ਈਕੋਸਿਸਟਮ ਨੂੰ ਮੁੜ-ਵਿਕਸਿਤ ਕਰਨ ਦੇ ਅਭਿਆਨ ਦੇ ਤਹਿਤ ਵੈੱਟਲੈਂਡਸ ਅਤੇ ਪਸ਼ੂਆਂ, ਵਿਸ਼ੇਸ਼ ਤੌਰ 'ਤੇ ਪੰਛੀਆਂ ਦੇ ਕੁਦਰਤੀ ਆਵਾਸ ਦੀ ਸੰਭਾਲ ਦੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਆਲਮੀ ਭਾਈਚਾਰੇ ਤੋਂ ਇੱਕ ਵਾਰ ਫਿਰ ਸ਼ਲਾਘਾ ਮਿਲੀ ਹੈ। ਸ਼ੇਖਾ ਝੀਲ ਮੱਧ ਏਸ਼ਿਆਈ ਫਲਾਈਵੇਅ 'ਤੇ ਇੱਕ ਮਹੱਤਵਪੂਰਨ ਪੜਾਅ ਹੈ, ਜੋ ਸਰਦੀਆਂ ਦੇ ਮੌਸਮ ਵਿੱਚ ਹੰਸ, ਪੇਂਟੇਡ ਸਟੌਰਕ ਅਤੇ ਵੱਖ-ਵੱਖ ਪ੍ਰਕਾਰ ਦੀਆਂ ਬੱਤਖਾਂ ਜਿਹੇ ਪ੍ਰਵਾਸੀ ਪੰਛੀਆਂ ਦੇ ਲਈ ਇੱਕ ਮਹੱਤਵਪੂਰਨ ਵਾਤਾਵਰਣ ਪ੍ਰਦਾਨ ਕਰਦੀ ਹੈ। ■





# ਯਕੀਨੀ ਹੋ ਰਹੀ ਖੁਰਾਕ ਸੁਰੱਖਿਆ

*ਦੇਸ਼ ਅਤੇ ਦੁਨੀਆ ਦੀਆਂ ਵਧਦੀ ਖੁਰਾਕ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਸ਼ੁਰੂ ਕੀਤੀ ਗਈ ਵਿਸ਼ਵ ਦੀ ਸਭ ਤੋਂ ਵੱਡੀ ਸਹਿਕਾਰੀ ਅੰਨ ਭੰਡਾਰਣ ਯੋਜਨਾ ਨੇ ਨਾ ਸਿਰਫ਼ ਕਿਸਾਨਾਂ ਨੂੰ ਫਾਇਦਾ ਪਹੁੰਚਾਇਆ ਹੈ, ਸਗੋਂ ਦੇਸ਼ ਦੀ ਅਰਥਵਿਵਸਥਾ ਨੂੰ ਵੀ ਮਜ਼ਬੂਤ ਕੀਤਾ ਹੈ। 31 ਮਈ 2023 ਨੂੰ ਕੈਬਨਿਟ ਤੋਂ ਮਨਜ਼ੂਰੀ ਮਿਲਣ ਅਤੇ 24 ਫਰਵਰੀ 2024 ਨੂੰ ਪ੍ਰਧਾਨ ਮੰਤਰੀ ਵੱਲੋਂ ਇਸ ਦੀ ਸ਼ੁਰੂਆਤ ਦੇ ਬਾਅਦ ਤੋਂ ਕਿਸਾਨਾਂ ਦੀ ਆਮਦਨ ਵਿੱਚ ਵੀ ਦੇਖਿਆ ਗਿਆ ਹੈ ਵਾਧਾ...*

ਸਹਿਕਾਰਤਾ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਅੰਨ ਭੰਡਾਰਣ ਯੋਜਨਾ ਰਾਹੀਂ ਪੈਕਸ ਪੱਧਰ 'ਤੇ ਹੀ ਖੇਤੀਬਾੜੀ ਸਬੰਧੀ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਹੋ ਰਹੀ ਹੈ ਸਗੋਂ ਅਨਾਜ ਦੀ ਹੋਣ ਵਾਲੀ ਬਰਬਾਦੀ ਵਿੱਚ ਵੀ ਕਮੀ ਆ ਰਹੀ ਹੈ। ਨਾਲ ਹੀ ਕਿਸਾਨਾਂ ਨੂੰ ਆਪਣੀ ਉਪਜ ਦਾ ਬਿਹਤਰ ਮੁੱਲ ਵੀ ਮਿਲ ਰਿਹਾ ਹੈ। ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਸ਼ੁਰੂ ਕੀਤੀ ਗਈ ਇਸ ਯੋਜਨਾ ਨੂੰ ਅੰਤਰ-ਮੰਤਰਾਲਾ ਕਮੇਟੀ, ਰਾਸ਼ਟਰ ਪੱਧਰੀ ਤਾਲਮੇਲ ਕਮੇਟੀ, ਰਾਜ ਪੱਧਰੀ ਸਹਿਕਾਰੀ ਵਿਕਾਸ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਸਹਿਕਾਰੀ ਵਿਕਾਸ ਕਮੇਟੀ ਵੱਲੋਂ ਤਾਲਮੇਲ ਕੀਤਾ ਜਾ ਰਿਹਾ ਹੈ।

ਦੇਸ਼ ਵਿੱਚ ਖੁਰਾਕ ਭੰਡਾਰਣ ਸਮਰੱਥਾ ਦੀ ਕਮੀ ਨੂੰ ਦੂਰ ਕਰਨ ਅਤੇ ਐਗ੍ਰੀਕਲਚਰ ਇਨਫ੍ਰਾਸਟ੍ਰਕਚਰ ਦੇ ਨਿਰਮਾਣ ਦੇ ਲਈ ਕੇਂਦਰ ਸਰਕਾਰ ਨੇ 'ਸਹਿਕਾਰਤਾ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਅੰਨ ਭੰਡਾਰਣ ਯੋਜਨਾ' ਨੂੰ ਮਨਜ਼ੂਰੀ ਦਿੱਤੀ ਸੀ। ਯੋਜਨਾ ਦੇ ਤਹਿਤ ਖੇਤੀਬਾੜੀ ਇਨਫ੍ਰਾਸਟ੍ਰਕਚਰ ਫੰਡ (ਏਆਈਐੱਫ), ਖੇਤੀਬਾੜੀ ਮਾਰਕੀਟਿੰਗ ਇਨਫ੍ਰਾਸਟ੍ਰਕਚਰ ਸਕੀਮ (ਏਐੱਮਆਈ), ਖੇਤੀਬਾੜੀ ਮਕੈਨਾਈਜ਼ੇਸ਼ਨ 'ਤੇ ਉਪ-ਮਿਸ਼ਨ (ਐੱਸਐੱਮਏਐੱਮ), ਪ੍ਰਧਾਨ ਮੰਤਰੀ ਮਾਈਕ੍ਰੋ ਖੁਰਾਕ ਉਦਯੋਗ ਪ੍ਰੋਸੈੱਸਿੰਗ ਯੋਜਨਾ (ਪੀਐੱਮਐੱਫਐੱਮਈ) ਰਾਹੀਂ ਪ੍ਰਾਇਮਰੀ ਐਗਰੀਕਲਚਰ ਕ੍ਰੈਡਿਟ ਕਮੇਟੀਆਂ (ਪੈਕਸ) ਅਤੇ ਹੋਰ ਸਹਿਕਾਰੀ ਕਮੇਟੀਆਂ ਦੇ ਪੱਧਰ 'ਤੇ ਗੋਦਾਮ, ਕਸਟਮ ਹਾਇਰਿੰਗ ਕੇਂਦਰ, ਪ੍ਰੋਸੈੱਸਿੰਗ ਯੂਨਿਟ, ਉਚਿਤ ਮੁੱਲ ਦੀਆਂ ਦੁਕਾਨਾਂ ਸਮੇਤ ਵੱਖ-ਵੱਖ ਐਗ੍ਰੀਕਲਚਰ ਇਨਫ੍ਰਾਸਟ੍ਰਕਚਰ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਏਆਈਐੱਫ ਯੋਜਨਾ ਦੇ ਤਹਿਤ ਪੈਕਸ ਨੂੰ ਗੋਦਾਮਾਂ ਦੇ ਨਿਰਮਾਣ ਲਈ ਦਿੱਤੇ ਗਏ ਲੋਨ 'ਤੇ ਵਿਆਜ ਰਾਸ਼ੀ

**ਯੋਜਨਾ ਵਿੱਚ ਹਿੱਸਾ ਲੈਣ ਵਾਲੀਆਂ ਸਹਿਕਾਰੀ ਕਮੇਟੀਆਂ 'ਤੇ ਵਿੱਤੀ ਬੋਝ ਨੂੰ ਬਹੁਤ ਹਦ ਤੱਕ ਘੱਟ ਕਰਨ ਦੇ ਲਈ ਨਾਬਾਰਡ ਦੀ ਸਪੈਸ਼ਲ ਰਿ-ਫਾਇਨੈਂਸ ਸਕੀਮ ਦਾ ਵੀ ਉਪਯੋਗ ਕੀਤਾ ਗਿਆ ਹੈ। ਜਦੋਂ ਖੇਤੀਬਾੜੀ ਇਨਫ੍ਰਾਸਟ੍ਰਕਚਰ ਫੰਡ (ਏਆਈਐੱਫ) ਦੇ ਤਹਿਤ ਉਪਲਬਧ 3% ਵਿਆਜ ਗ੍ਰਾਂਟ ਨੂੰ ਜੋੜਿਆ ਜਾਂਦਾ ਹੈ ਤਾਂ ਵਿਸ਼ਵ ਦੀ ਸਭ ਤੋਂ ਵੱਡੀ ਅੰਨ ਭੰਡਾਰਣ ਯੋਜਨਾ ਦੇ ਅਧੀਨ ਪੈਕਸ ਦੇ ਲਈ ਪ੍ਰਭਾਵੀ ਲੋਨ ਵਿਆਜ ਦਰ ਘਟ ਕੇ ਸਿਰਫ਼ 1% ਰਹਿ ਜਾਂਦੀ ਹੈ।**

## ਏਐੱਮਆਈ ਯੋਜਨਾ ਦੇ ਤਹਿਤ ਕੀਤੀਆਂ ਗਈਆਂ ਸੋਧਾਂ...

- ਮਾਰਜਿਨ ਮਨੀ ਦੀ ਲੋੜ ਨੂੰ 20% ਤੋਂ ਘਟਾ ਕੇ 10% ਕੀਤਾ ਗਿਆ।

**ਮੈਦਾਨੀ ਖੇਤਰ**
**7,000**
ਰੁਪਏ ਪ੍ਰਤੀ ਮੀਟ੍ਰਿਕ ਟਨ ਨਿਰਮਾਣ ਲਾਗਤ ਕੀਤਾ ਗਿਆ। 3,000-3,500 ਪ੍ਰਤੀ ਮੀਟ੍ਰਿਕ ਟਨ ਤੋਂ ਸੋਧ ਕਰਕੇ।

**ਉੱਤਰ-ਪੂਰਬ**
**8,000**
ਰੁਪਏ ਪ੍ਰਤੀ ਮੀਟ੍ਰਿਕ ਟਨ 4,000 ਰੁਪਏ ਪ੍ਰਤੀ ਮੀਟ੍ਰਿਕ ਟਨ ਤੋਂ ਵਧਾ ਕੇ ਕੀਤਾ ਗਿਆ।

- ਪੈਕਸ ਦੇ ਲਈ ਸਬਸਿਡੀ 25% ਤੋਂ ਵਧਾ ਕੇ 33.33% ਕਰ ਦਿੱਤੀ ਗਈ ਹੈ (ਮੈਦਾਨੀ ਖੇਤਰਾਂ ਦੇ ਲਈ 875 ਰੁਪਏ ਪ੍ਰਤੀ ਮੀਟ੍ਰਿਕ ਟਨ ਤੋਂ ਵਧਾ ਕੇ 2,333 ਪ੍ਰਤੀ ਮੀਟ੍ਰਿਕ ਟਨ ਅਤੇ ਉੱਤਰ-ਪੂਰਬ ਰਾਜਾਂ ਦੇ ਲਈ 1,333.33 ਰੁਪਏ ਪ੍ਰਤੀ ਮੀਟ੍ਰਿਕ ਟਨ ਤੋਂ ਵਧਾ ਕੇ 2,666 ਰੁਪਏ ਪ੍ਰਤੀ ਮੀਟ੍ਰਿਕ ਟਨ)।
- ਪੈਕਸ ਦੇ ਲਈ ਅੰਦਰੂਨੀ ਸੜਕਾਂ, ਤੋਲ-ਪੁਲਾਂ, ਚਾਰਦੀਵਾਰੀ ਆਦਿ ਜਿਹੇ ਇਨਫ੍ਰਾਸਟ੍ਰਕਚਰ ਦੇ ਲਈ ਕੁੱਲ ਸਵੀਕਾਰ ਸਬਸਿਡੀ ਦੀ ਇੱਕ ਤਿਹਾਈ ਵਾਧੂ ਸਬਸਿਡੀ ਪ੍ਰਦਾਨ ਕਰਨ ਦਾ ਪ੍ਰਾਵਧਾਨ ਕੀਤਾ ਗਿਆ ਹੈ।





## ਯੋਜਨਾ ਦੇ ਤਹਿਤ ਬਣ ਰਹੇ...

- ਪਿੰਡ ਪੱਧਰ 'ਤੇ ਪੈਕਸ/ਸਹਿਕਾਰੀ ਕਮੇਟੀਆਂ ਵਿੱਚ ਗੋਦਾਮ
- ਮਸ਼ੀਨ ਕਿਰਾਇਆ ਕੇਂਦਰ
- ਪ੍ਰੋਸੈੱਸਿੰਗ ਯੂਨਿਟ
- ਰਾਸ਼ਨ ਦੁਕਾਨ

## ਅੰਨ ਭੰਡਾਰਣ ਯੋਜਨਾ ਦੀ ਤਰੱਕੀ...

**560** ਸਹਿਕਾਰੀ ਕਮੇਟੀਆਂ ਦੀ ਅੰਨ ਭੰਡਾਰਣ ਯੋਜਨਾ ਦੇ ਤਹਿਤ ਪਛਾਣ ਕੀਤੀ ਗਈ ਹੈ।

**120** ਸਹਿਕਾਰੀ ਕਮੇਟੀਆਂ ਵਿੱਚ ਗੋਦਾਮਾਂ ਦਾ ਨਿਰਮਾਣ ਪੂਰਾ ਕੀਤਾ ਗਿਆ ਹੈ।

**426** ਗੋਦਾਮਾਂ ਦੇ ਨਿਰਮਾਣ ਦੇ ਲਈ ਡੀਪੀਆਰ ਪੇਸ਼ ਕੀਤੀ ਗਈ ਹੈ।

**72,702** ਮੀਟ੍ਰਿਕ ਟਨ ਭੰਡਾਰਣ ਸਮਰੱਥਾ ਦਾ ਇਸ ਨਾਲ ਸਿਰਜਣ ਹੋਇਆ ਹੈ।

(ਨੋਟ: ਅੰਕੜੇ 20 ਜਨਵਰੀ 2026 ਤੱਕ ਦੇ ਹਨ।)

### ਅੰਨ ਭੰਡਾਰਣ ਕੇਂਦਰ ਬਣਾਉਣ ਦੀ ਪ੍ਰਕਿਰਿਆ

- ਰਾਜ ਸਹਿਕਾਰੀ ਵਿਭਾਗ ਪੈਕਸ/ਸਹਿਕਾਰੀ ਕਮੇਟੀ ਦੀ ਪਛਾਣ ਕਰਦਾ ਹੈ।
- ਸਥਾਨ ਦੇ ਅਨੁਸਾਰ ਡੀਪੀਆਰ (ਪ੍ਰੋਜੈਕਟ ਰਿਪੋਰਟ) ਤਿਆਰ ਕੀਤੀ ਜਾਂਦੀ ਹੈ।
- ਤੈਅ ਡਿਜ਼ਾਈਨ ਅਤੇ ਗੁਣਵੱਤਾ ਮਿਆਰਾਂ ਦੇ ਅਨੁਸਾਰ ਨਿਰਮਾਣ ਕਾਰਜ ਸ਼ੁਰੂ ਹੁੰਦਾ ਹੈ।
- ਲਗਭਗ 6 ਮਹੀਨੇ ਵਿੱਚ ਗੋਦਾਮ ਤਿਆਰ ਹੋ ਜਾਂਦਾ ਹੈ।

**9 ਸਾਲ**
ਤੱਕ ਕਿਰਾਏ ਦੀ ਗਰੰਟੀ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਦੁਆਰਾ ਦਿੱਤੀ ਜਾਂਦੀ ਹੈ।

**ਘੱਟ ਵਿਆਜ**
**(ਲਗਭਗ 1%)**
'ਤੇ ਲੋਨ ਅਤੇ 33% ਤੱਕ ਸਬਸਿਡੀ ਮਿਲਦੀ ਹੈ।




ਦਾ ਲਾਭ ਦਿੱਤਾ ਜਾਂਦਾ ਹੈ ਅਤੇ ਏਐੱਮਆਈ ਯੋਜਨਾ ਦੇ ਤਹਿਤ ਖੁਰਾਕ ਭੰਡਾਰਣ ਦੇ ਨਿਰਮਾਣ ਦੇ ਲਈ 33% ਸਬਸਿਡੀ ਦਿੱਤੀ ਜਾਂਦੀ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਪੈਕਸ ਦੇ ਲਈ ਏਆਈਐੱਫ ਯੋਜਨਾ ਦੇ ਅਧੀਨ ਕ੍ਰੈਡਿਟ ਗਰੰਟੀ ਨੂੰ 2+5 ਵਰ੍ਹੇ ਤੋਂ 2+8 ਵਰ੍ਹੇ ਤੱਕ ਵਧਾ ਦਿੱਤਾ ਹੈ।

ਕੇਂਦਰੀ ਸਹਿਕਾਰਿਤਾ ਮੰਤਰੀ ਅਮਿਤ ਸ਼ਾਹ ਅੰਨ ਭੰਡਾਰਣ ਦੀ ਵਿਵਸਥਾ 'ਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ ਕਿ ਆਉਣ ਵਾਲੇ ਦਿਨਾਂ ਵਿੱਚ ਅੰਨ ਭੰਡਾਰਣ ਦੀ ਵਿਵਸਥਾ ਲਗਭਗ ਤਿੰਨ ਗੁਣਾ ਵਧਾਉਣ ਦੀ ਜ਼ਰੂਰਤ ਹੈ, ਜਿਸ ਵਿੱਚੋਂ 2 ਗੁਣਾ ਸਹਿਕਾਰਿਤਾ ਖੇਤਰ ਨੂੰ ਕਰਨੀ ਚਾਹੀਦੀ ਹੈ। ਇਹ ਸਾਰਿਆਂ ਦੀ ਜ਼ਿੰਮੇਵਾਰੀ ਹੈ, ਸਿਰਫ਼ ਪੈਕਸ 'ਤੇ ਨਾ ਛੱਡੋ, ਤਹਿਸੀਲ ਦੀਆਂ ਕੋਆਪ੍ਰੇਟਿਵ ਡੇਅਰੀਆਂ, ਸਟੇਟ ਲੈਵਲ ਦੇ ਮਾਰਕੀਟਿੰਗ ਫੈਡਰੇਸ਼ਨ, ਡਿਸਟ੍ਰਿਕਟ ਕੋਆਪ੍ਰੇਟਿਵ ਬੈਂਕ ਫਾਇਨੈਂਸ ਕਰਵਾ ਕੇ, ਡਿਸਟ੍ਰਿਕਟ ਦੇ ਸੇਲਸ-ਪਰਚੇਜ਼ ਯੂਨੀਅਨ, ਸਾਰਿਆਂ ਨੂੰ ਵੱਡੇ-ਵੱਡੇ ਗੋਦਾਮ ਬਣਾਉਣੇ ਚਾਹੀਦੇ ਹਨ। ਦੇਸ਼ ਦਾ 70% ਅਨਾਜ ਉੱਤਰ ਭਾਰਤ ਦੇ ਪੰਜਾਬ ਅਤੇ ਹਰਿਆਣਾ ਵਿੱਚ ਉਤਪਾਦਿਤ ਹੁੰਦਾ ਹੈ, ਅਜਿਹੇ ਵਿੱਚ ਇੱਥੇ ਅਨਾਜ ਦੀ ਖਰੀਦ ਹੋਵੇਗੀ, ਇੱਥੇ ਸਟੋਰ ਹੋਵੇਗਾ ਅਤੇ ਇੱਥੋਂ ਹੀ ਵੰਡਿਆ ਜਾਵੇਗਾ ਤਾਂ ਟ੍ਰਾਂਸਪੋਰਟ ਲਾਗਤ ਵਿੱਚ ਘੱਟ ਤੋਂ ਘੱਟ 30-40 ਪ੍ਰਤੀਸ਼ਤ ਬਚਾ ਸਕਦੇ ਹਾਂ। ■

ਜਨਗਣਨਾ 2027
ਕਵਰ ਸਟੋਰੀ

ਭਾਰਤ ਦੀ ਜਨਗਣਨਾ

# ਤਰੱਕੀ ਅਤੇ ਵਿਕਾਸ ਦਾ ਸਸ਼ਕਤ ਅਧਾਰ



*ਭਾਰਤ ਵਿੱਚ ਜਨਗਣਨਾ ਸਿਰਫ਼ ਜਨਸੰਖਿਆ ਦੀ ਗਣਨਾ ਨਹੀਂ ਹੈ, ਸਗੋਂ ਇਹ ਭਾਰਤ ਦੀ ਸੰਪੂਰਨ ਨੀਤੀ-ਨਿਰਮਾਣ ਢਾਂਚੇ ਦੀ ਰੀੜ੍ਹ ਦੀ ਹੱਡੀ ਹੈ। ਹਰੇਕ ਦਹਾਕੇ ਦੀ ਸ਼ੁਰੂਆਤ ਵਿੱਚ ਹੋਣ ਵਾਲੀ ਜਨਗਣਨਾ ਭਾਵੇਂ ਇਸ ਵਾਰ ਕੋਵਿਡ ਦੇ ਕਾਰਨ ਦੇਰੀ ਨਾਲ ਅਪ੍ਰੈਲ 2026 ਵਿੱਚ ਸ਼ੁਰੂ ਹੋਈ ਹੋਵੇ, ਪਰ ਹੁਣ ਇਹ ਆਧੁਨਿਕ ਤਕਨੀਕ ਅਤੇ ਡਿਜੀਟਲ ਕ੍ਰਾਂਤੀ ਦੇ ਪ੍ਰਤੀਕ ਦੇ ਰੂਪ ਵਿੱਚ ਵਿਕਸਿਤ ਭਾਰਤ ਦਾ ਅਧਾਰ ਤਿਆਰ ਕਰਨ ਜਾ ਰਹੀ ਹੈ, ਜਿਸ ਵਿੱਚ ਸਵੈ-ਗਣਨਾ ਅਤੇ ਜਾਤੀ ਜਨਗਣਨਾ ਵੀ ਸ਼ਾਮਲ ਹੈ। ਡੇਢ ਸੌ ਵਰ੍ਹਿਆਂ ਦੀ ਵਿਰਾਸਤ ਨੂੰ ਸੰਜੋਏ, ਜਨਗਣਨਾ 2027 'ਅੰਮ੍ਰਿਤ ਕਾਲ' ਵਿੱਚ ਨਿਰਧਾਰਿਤ ਕਰੇਗੀ ਰਾਸ਼ਟਰ ਦੇ ਭਵਿੱਖ ਦੀ ਰੂਪਰੇਖਾ, ਜਿੱਥੇ ਦਰਜ ਹੋਵੇਗੀ ਹਰੇਕ ਨਾਗਰਿਕ ਦੀ ਜਾਣਕਾਰੀ, ਭਾਗੀਦਾਰੀ ਅਤੇ ਤਰੱਕੀ। ਇਹ ਸਿਰਫ਼ ਗਣਨਾ ਨਹੀਂ, ਸਗੋਂ ਲਿਖਣ ਜਾ ਰਹੀ ਹੈ ਆਤਮ-ਨਿਰਭਰ ਭਾਰਤ ਦੇ ਵਿਕਾਸ ਦੀ ਨਵੀਂ ਪਰਿਵਰਤਨਕਾਰੀ ਵਿਕਾਸ ਗਾਥਾ...*

ਭਾਰਤ ਦੀ ਜਨਗਣਨਾ 2027 ਸਿਰਫ਼ ਇੱਕ ਅੰਕੜਾਤਮਕ ਅਭਿਆਸ ਨਹੀਂ, ਸਗੋਂ ਦੇਸ਼ ਦੇ ਭਵਿੱਖ ਦੀ ਦਿਸ਼ਾ ਤੈਅ ਕਰਨ ਵਾਲਾ ਇੱਕ ਵਿਆਪਕ ਰਾਸ਼ਟਰੀ ਉਪਕ੍ਰਮ ਹੈ। ਇਹ ਰਾਸ਼ਟਰ ਦਾ ਦਰਪਣ ਹੈ ਜਿਸ ਵਿੱਚ ਭਾਰਤ ਖੁਦ ਨੂੰ ਦੇਖਦਾ ਹੈ। ਇਹ ਰਾਸ਼ਟਰ ਦੀ ਆਤਮਾ ਨੂੰ ਸਮਝਣ ਅਤੇ ਉਸ ਦੇ ਭਵਿੱਖ ਨੂੰ ਸੰਵਾਰਨ ਦਾ ਇੱਕ ਵਿਸ਼ਾਲ ਮਹਾਯੱਗ ਹੈ। ਇਹ ਇੱਕ ਅਜਿਹਾ ਮੌਕਾ ਪ੍ਰਦਾਨ ਕਰਦਾ ਹੈ ਜਦੋਂ ਭਾਰਤ ਖੁਦ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਦੇਖਦਾ ਹੈ। ਆਪਣੀ ਜਨਸ਼ਕਤੀ, ਵਿਭਿੰਨਤਾ, ਚੁਣੌਤੀਆਂ ਅਤੇ ਅਪਾਰ ਸੰਭਾਵਨਾਵਾਂ ਦਾ ਮੁਲਾਂਕਣ ਕਰਦਾ ਹੈ। ਇਸ ਲਈ ਜਨਗਣਨਾ ਸਿਰਫ਼ ਅੰਕੜਿਆਂ ਦਾ ਸੰਗ੍ਰਹਿ ਜਾਂ ਦਹਾਕੀ ਰਸਮ ਭਰ ਨਹੀਂ ਹੈ, ਸਗੋਂ ਇਹ ਰਾਸ਼ਟਰ ਦੀ ਸ਼ਕਤੀ, ਸਮਰੱਥ ਦਾ ਪ੍ਰਤੀਬਿੰਬ ਹੈ। ਇਹ ਸਿਰਫ਼ ਵਰਤਮਾਨ ਦਾ ਲੇਖਾ-ਜੋਖਾ ਨਹੀਂ, ਭਵਿੱਖ ਦੀ ਨੀਂਹ ਰੱਖਣ ਦਾ ਸਸ਼ਕਤ ਮਾਧਿਅਮ ਹੈ। ਅਜਿਹੇ ਵਿੱਚ ਅੱਜ ਜਦੋਂ ਭਾਰਤ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਮੋਹਰੀ ਹੈ ਅਤੇ ਵਿਕਸਿਤ ਭਾਰਤ 2047 ਦਾ ਵਿਸ਼ਾਲ ਟੀਚਾ ਸਾਹਮਣੇ ਹੈ, ਤਦ ਜਨਗਣਨਾ 2027 ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਜੇਕਰ ਘੱਟ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਜਨਗਣਨਾ ਰਾਸ਼ਟਰੀ ਮਹੱਤਵ ਦਾ ਇੱਕ ਅਜਿਹਾ ਕਾਰਜ ਹੈ, ਜਿਸ ਦੇ ਅੰਕੜੇ ਕਈ ਵਰ੍ਹਿਆਂ ਤੱਕ ਦੇ ਲਈ ਰਾਸ਼ਟਰ ਦੀਆਂ ਨੀਤੀਆਂ ਦੇ ਨਿਰਧਾਰਣ, ਪ੍ਰੋਗਰਾਮ ਦੇ ਲਈ ਮਹੱਤਵਪੂਰਨ ਅਧਾਰ ਬਣਦੇ ਹਨ ਅਤੇ ਆਉਣ ਵਾਲੇ ਦਹਾਕਿਆਂ ਦੀ ਯੋਜਨਾ ਨੂੰ ਨਵੇਂ ਆਯਾਮ, ਨਵੇਂ ਆਕਾਰ ਮਿਲਦੇ ਹਨ।



# ਜਨਗਣਨਾ ਦੀ ਲੰਬੀ ਅਤੇ ਸਮ੍ਰਿੱਧ ਰਹੀ ਹੈ ਪਰੰਪਰਾ

*ਭਾਰਤ ਨੇ ਆਪਣੀ ਪਹਿਲੀ ਤਾਲਮੇਲ ਵਾਲੀ ਜਨਗਣਨਾ 1881 ਵਿੱਚ ਕੀਤੀ ਸੀ। ਹਾਲਾਂਕਿ, ਇਤਿਹਾਸ ਦੀ ਗੱਲ ਕਰੀਏ ਤਾਂ ਪ੍ਰਾਚੀਨ ਗ੍ਰੰਥਾਂ, ਕੌਟਿਲਯ ਦੇ ਅਰਥਸ਼ਾਸਤਰ, ਅਬੁਲ ਫਜ਼ਲ ਦੀ 'ਆਈਨ-ਏ-ਅਕਬਰੀ' ਆਦਿ ਵਿੱਚ ਵੀ ਭਾਰਤ ਦੀ ਜਨਗਣਨਾ ਦਾ ਮਿਲਦਾ ਹੈ ਜ਼ਿਕਰ...*

- ਭਾਰਤ ਵਿੱਚ ਜਨਗਣਨਾ ਦੀ ਇੱਕ ਲੰਬੀ ਅਤੇ ਸਮ੍ਰਿੱਧ ਪਰੰਪਰਾ ਰਹੀ ਹੈ। ਜਨਗਣਨਾ ਦਾ ਸਭ ਤੋਂ ਪਹਿਲਾਂ ਜ਼ਿਕਰ ਕੌਟਿਲਯ ਦੇ 'ਅਰਥਸ਼ਾਸਤਰ' (321-196 ਈਸਾ ਪੂਰਵ) ਵਿੱਚ ਮਿਲਦਾ ਹੈ।
- ਸਮਰਾਟ ਅਕਬਰ ਦੇ ਸਮੇਂ ਵਿੱਚ ਅਬੁਲ ਫਜ਼ਲ ਦੀ ਰਚਨਾ 'ਆਈਨ-ਏ-ਅਕਬਰੀ' ਵਿੱਚ ਵੀ ਜਨਗਣਨਾ ਦਾ ਜ਼ਿਕਰ ਹੈ।
- ਭਾਰਤ ਵਿੱਚ ਪਹਿਲੀ ਆਧੁਨਿਕ ਜਨਗਣਨਾ 1865 ਅਤੇ 1872 ਦਰਮਿਆਨ ਹੋਈ। ਹਾਲਾਂਕਿ ਇਹ ਸਾਰੇ ਇਲਾਕਿਆਂ ਵਿੱਚ ਇਕੱਠੇ ਨਹੀਂ ਹੋਈ ਸੀ।

## ਆਜ਼ਾਦੀ ਤੋਂ ਬਾਅਦ ਦੀ ਜਨਗਣਨਾ (1951-2011)

ਆਜ਼ਾਦੀ ਤੋਂ ਬਾਅਦ ਪਹਿਲੀ ਵਾਰ **1951** ਵਿੱਚ ਕੀਤੀ ਗਈ ਸੀ ਜਨਗਣਨਾ।





ਉਸ ਤੋਂ ਬਾਅਦ ਹਰ 10 ਵਰ੍ਹਿਆਂ 'ਤੇ **2011** ਤੱਕ ਜਨਗਣਨਾ ਹੁੰਦੀ ਰਹੀ।

ਕੋਵਿਡ ਦੇ ਕਾਰਨ 2021 ਵਿੱਚ ਜਨਗਣਨਾ ਸੰਭਵ ਨਹੀਂ ਹੋ ਸਕੀ ਜੋ ਹੁਣ ਕੀਤੀ ਜਾ ਰਹੀ ਹੈ।

## ਨੀਤੀ ਨਿਰਮਾਣ ਦਾ ਸਸ਼ਕਤ ਅਧਾਰ

ਜਨਗਣਨਾ ਦਾ ਰਾਸ਼ਟਰ ਜੀਵਨ ਵਿੱਚ ਕਿੰਨਾ ਮਹੱਤਵ ਹੈ, ਇਸ ਨੂੰ ਸੁਤੰਤਰ ਭਾਰਤ ਦੀ ਪਹਿਲੀ ਜਨਗਣਨਾ-1951 ਦੇ ਸਮੇਂ ਵਿੱਚ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵਲੱਭਭਾਈ ਪਟੇਲ ਨੇ ਇਨ੍ਹਾਂ ਸ਼ਬਦਾਂ ਵਿੱਚ ਦੱਸਿਆ ਸੀ। ਉਨ੍ਹਾਂ ਨੇ ਤਦ ਕਿਹਾ ਸੀ, "ਜਨਗਣਨਾ ਦਾ ਇੱਕ ਸੰਸਥਾ ਦੇ ਰੂਪ ਵਿੱਚ ਸੁਦੂਰ ਅਤੀਤ ਰਿਹਾ ਹੈ, ਇਸ ਦਾ ਕਾਰਜ ਸਿਰਫ਼ ਲੋਕਾਂ ਦੀ ਗਣਨਾ ਹੀ ਨਹੀਂ ਸਗੋਂ ਇਸ ਵਿੱਚ ਸੂਚਨਾ ਦਾ ਨਿਚੋੜ ਸ਼ਾਮਲ ਹੈ ਜੋ ਸਾਡੀਆਂ ਕਈ ਪ੍ਰਸ਼ਾਸਨਿਕ ਨੀਤੀਆਂ ਦੇ ਨਿਰਧਾਰਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਕਾਰਵਾਈ ਦੌਰਾਨ ਹਾਸਲ ਕੀਤੀਆਂ ਗਈਆਂ ਜਾਣਕਾਰੀਆਂ ਨਾਲ ਸਮਾਜਿਕ ਮਹੱਤਵ ਦੇ ਕੀਮਤੀ ਵਿਗਿਆਨੀ ਅੰਕੜੇ ਪ੍ਰਾਪਤ ਹੁੰਦੇ ਹਨ। ਕਈ ਮਾਮਲਿਆਂ ਵਿੱਚ ਇਹ ਉਪਯੋਗੀ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ ਜੋ ਆਰਥਿਕ ਨੀਤੀਆਂ ਤੋਂ ਇਲਾਵਾ ਹੋਰ ਮਾਮਲਿਆਂ ਵਿੱਚ ਵੀ ਪ੍ਰਭਾਵਸ਼ਾਲੀ ਹੁੰਦੀ ਹੈ। ਜਨਸੰਖਿਆ ਦਾ ਸਿਧਾਂਤ ਆਪਣੇ ਆਪ ਵਿੱਚ ਅਰਥਸ਼ਾਸਤਰ ਦਾ ਇੱਕ ਦਿਲਚਸਪ ਕਿੱਸਾ ਹੈ। ਜਨਗਣਨਾ ਸਾਨੂੰ ਇਨ੍ਹਾਂ ਸਿਧਾਂਤਾ ਦੀ ਜਾਂਚ ਕਰਨ ਅਤੇ ਉਨ੍ਹਾਂ ਨਾਲ ਤੱਥਾਂ ਸਬੰਧੀ ਤਾਲਮੇਲ ਸਥਾਪਿਤ ਕਰਨ ਵਿੱਚ ਮਦਦ ਕਰਦੀ ਹੈ।"

ਦਰਅਸਲ, ਜਨਗਣਨਾ ਤੋਂ ਪ੍ਰਾਪਤ ਅੰਕੜੇ ਸਰਕਾਰ ਦੀਆਂ ਨੀਤੀਆਂ ਦੀ ਨੀਂਹ ਹੁੰਦੇ ਹਨ। ਸਿੱਖਿਆ, ਹੁਨਰ, ਸਿਹਤ, ਰੁਜ਼ਗਾਰ, ਗ੍ਰਾਮੀਣ-ਸ਼ਹਿਰੀ ਵਿਕਾਸ ਦੇ ਲਈ ਨੀਤੀਆਂ ਬਣਾਉਣ ਅਤੇ ਉਸ ਨੂੰ ਸਾਕਾਰ ਕਰਨ ਵਿੱਚ ਜਨਗਣਨਾ ਦੇ ਅੰਕੜੇ ਨਾ ਸਿਰਫ਼ ਸਟੀਕ ਹੁੰਦੇ ਹਨ, ਸਗੋਂ ਪ੍ਰਭਾਵੀ ਵੀ ਸਿੱਧ ਹੁੰਦੇ ਹਨ। ਸਮਾਜਿਕ ਇਕਸਾਰਤਾ ਨੂੰ ਮਜ਼ਬੂਤ ਕਰਨ ਅਤੇ ਨਿਆਂ ਦੀ ਦਿਸ਼ਾ ਵਿੱਚ ਜਨਗਣਨਾ ਇੱਕ ਮਹੱਤਵਪੂਰਨ ਮਾਧਿਅਮ ਹੈ। ਇਹ ਸਮਾਜ ਦੇ ਉਨ੍ਹਾਂ ਵਰਗਾਂ ਦੀ ਪਛਾਣ ਕਰਦੀ ਹੈ ਜੋ ਵਿਕਾਸ ਦੀ ਦੌੜ ਵਿੱਚ ਪਿੱਛੇ ਰਹਿ ਗਏ ਹਨ। ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਜਿਵੇਂ ਗਰੀਬ ਕਲਿਆਣ, ਮਹਿਲਾ ਸਸ਼ਕਤੀਕਰਣ, ਗ੍ਰਾਮੀਣ ਵਿਕਾਸ ਆਦਿ ਇਨ੍ਹਾਂ ਅੰਕੜਿਆਂ ਦੇ ਅਧਾਰ 'ਤੇ ਵੱਧ ਟੀਚਾਗਤ ਅਤੇ ਪ੍ਰਭਾਵਸ਼ਾਲੀ ਬਣਦੀਆਂ ਹਨ। ਇਹ ਪ੍ਰਕਿਰਿਆ ਇਹ ਯਕੀਨੀ ਬਣਾਉਂਦੀ ਹੈ ਕਿ ਵਿਕਾਸ ਦਾ ਪ੍ਰਕਾਸ਼ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚੇ।

ਆਧੁਨਿਕ ਯੁੱਗ ਵਿੱਚ ਅੰਕੜਿਆਂ ਦਾ ਮਹੱਤਵ ਸਰਵ ਵਿਆਪਕ ਹੈ। ਕਿਸੇ ਵੀ ਦੇਸ਼ ਦੀ ਤਸਵੀਰ ਅਤੇ ਤਕਦੀਰ ਨਿਰਧਾਰਿਤ ਕਰਨ ਵਿੱਚ ਅੰਕੜਿਆਂ ਯਾਨੀ ਡੇਟਾ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਅੰਕੜਿਆਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ। ਅਸੀਂ ਇਸ

## ਜਨਗਣਨਾ ਦਾ ਉਦੇਸ਼, ਮਹੱਤਵ ਅਤੇ ਉਪਯੋਗ

**ਉਦੇਸ਼**
ਪਿੰਡ, ਕਸਬੇ ਅਤੇ ਵਾਰਡ ਪੱਧਰ 'ਤੇ ਪ੍ਰਾਥਮਿਕ ਅੰਕੜਿਆਂ ਦਾ ਸਭ ਤੋਂ ਵੱਡਾ ਸਰੋਤ। ਜਨਗਣਨਾ ਸ਼ਾਸਨ ਦੇ ਲਈ ਇੱਕ ਮਹੱਤਵਪੂਰਨ ਸਾਧਨ, ਜੋ ਅਗਲੇ ਦਹਾਕੇ ਦੀ ਵਿਕਾਸ ਯੋਜਨਾ ਦੇ ਲਈ ਅਧਾਰ ਪ੍ਰਦਾਨ ਕਰਦੀ ਹੈ।

**ਮਹੱਤਵ**
ਜਨਗਣਨਾ ਜਨਸੰਖਿਆ, ਅਰਥਸ਼ਾਸਤਰ, ਮਨੁੱਖੀ ਸ਼ਾਸਤਰ, ਸਮਾਜ ਸ਼ਾਸਤਰ, ਅੰਕੜੇ ਅਤੇ ਕਈ ਹੋਰ ਵਿਸ਼ਿਆਂ ਦੇ ਵਿਦਵਾਨਾਂ ਅਤੇ ਖੋਜਕਰਤਾਵਾਂ ਦੇ ਲਈ ਅੰਕੜਿਆਂ ਦਾ ਇੱਕ ਜ਼ਰੂਰੀ ਸਰੋਤ ਰਹੀ ਹੈ। ਭਾਰਤ ਨੂੰ ਸਮਝਣ ਅਤੇ ਉਸ ਦਾ ਅਧਿਐਨ ਕਰਨ ਦਾ ਇੱਕ ਅਹਿਮ ਸਾਧਨ ਹੈ ਕਿਉਂਕਿ ਲੋਕਾਂ ਦੀ ਸਮ੍ਰਿੱਧ ਵਿਭਿੰਨਤਾ ਦਸ ਸਾਲਾਂ ਜਨਗਣਨਾ ਨਾਲ ਹੀ ਪ੍ਰਗਟ ਹੁੰਦੀ ਹੈ।

**ਉਪਯੋਗ**
ਇਹ ਆਵਾਸ ਦੀ ਸਥਿਤੀ, ਸੁਵਿਧਾਵਾਂ ਅਤੇ ਸੰਪੱਤੀਆਂ, ਜਨਸੰਖਿਆ, ਧਰਮ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ, ਭਾਸ਼ਾ, ਸਾਖਰਤਾ ਅਤੇ ਸਿੱਖਿਆ, ਆਰਥਿਕ ਗਤੀਵਿਧੀ, ਹਾਊਸਿੰਗ ਅਤੇ ਪ੍ਰਜਨਨ ਸਮਰੱਥਾ ਸਮੇਤ ਵੱਖ-ਵੱਖ ਮਿਆਰਾਂ 'ਤੇ ਵਿਸਤ੍ਰਿਤ ਅੰਕੜੇ ਮੁਹੱਈਆ ਕਰਵਾਉਂਦੀ ਹੈ। ਇਨ੍ਹਾਂ ਅੰਕੜਿਆਂ ਦਾ ਉਪਯੋਗ ਵਿਕਾਸ ਸਮੇਤ ਕਈ ਕੰਮਾਂ ਦੇ ਲਈ ਹੁੰਦਾ ਹੈ।

## ਦੋ ਵੱਖ-ਵੱਖ ਪੜਾਵਾਂ ਵਿੱਚ ਆਯੋਜਿਤ ਕੀਤੀ ਜਾ ਰਹੀ ਹੈ ਜਨਗਣਨਾ

### ਪਹਿਲਾ ਪੜਾਅ

ਮਕਾਨ ਸੂਚੀਕਰਣ ਅਤੇ ਮਕਾਨਾਂ ਦੀ ਗਣਨਾ (HLO), ਜੋ ਅਪ੍ਰੈਲ ਤੋਂ ਸਤੰਬਰ, 2026 ਦੌਰਾਨ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸੁਵਿਧਾ ਦੇ ਅਨੁਸਾਰ 30 ਦਿਨਾਂ ਦੀ ਮਿਆਦ ਵਿੱਚ ਆਯੋਜਿਤ ਕੀਤੀ ਜਾਵੇਗੀ। ਮਕਾਨ ਸੂਚੀਕਰਣ ਕਾਰਜ ਤੋਂ ਪਹਿਲਾਂ 15 ਦਿਨਾਂ ਤੱਕ ਸਵੈ-ਗਣਨਾ ਦੀ ਸੁਵਿਧਾ ਵੀ ਉਪਲਬਧ ਹੋਵੇਗੀ।

- ਇਸ ਪੜਾਅ ਵਿੱਚ ਮਕਾਨਾਂ ਦੀ ਸਥਿਤੀ, ਪਰਿਵਾਰਾਂ ਨੂੰ ਉਪਲਬਧ ਸੁਵਿਧਾਵਾਂ ਅਤੇ ਉਨ੍ਹਾਂ ਦੇ ਕੋਲ ਉਪਲਬਧ ਸੰਪੱਤੀਆਂ ਨਾਲ ਸਬੰਧਿਤ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ 33 ਸਵਾਲ ਹਨ, ਜੋ ਨੋਟੀਫਾਈ ਕੀਤੇ ਜਾ ਚੁੱਕੇ ਹਨ।

### ਦੂਜਾ ਪੜਾਅ

ਜਨਸੰਖਿਆ ਗਣਨਾ ਫਰਵਰੀ 2027 ਵਿੱਚ ਹੋਵੇਗੀ। ਲੱਦਾਖ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ ਰਾਜਾਂ ਦੇ ਬਰਫ ਨਾਲ ਘਿਰੇ ਅਤੇ ਪਹੁੰਚ ਤੋਂ ਬਾਹਰ ਵਾਲੇ ਖੇਤਰਾਂ ਵਿੱਚ ਇਹ ਸਤੰਬਰ 2026 ਵਿੱਚ ਹੋਵੇਗੀ।

- ਦੂਜੇ ਪੜਾਅ ਵਿੱਚ ਹੀ ਜਾਤੀਆਂ ਦੀ ਗਣਨਾ ਵੀ ਕੀਤੀ ਜਾਵੇਗੀ।
- ਇਸ ਪੜਾਅ ਵਿੱਚ ਹਰੇਕ ਵਿਅਕਤੀ ਤੋਂ ਜਨਸੰਖਿਆ, ਸਮਾਜਿਕ-ਆਰਥਿਕ, ਸਿੱਖਿਆ, ਪ੍ਰਵਾਸ,ਪ੍ਰਜਨਨ ਆਦਿ ਨਾਲ ਸਬੰਧਿਤ ਜਾਣਕਾਰੀ ਵੀ ਇਕੱਠੀ ਕੀਤੀ ਜਾਵੇਗੀ।



**ਵਰਤਮਾਨ ਜਨਗਣਨਾ ਦੇਸ਼ ਦੀ 16ਵੀਂ ਜਨਗਣਨਾ ਹੈ ਅਤੇ ਆਜ਼ਾਦੀ ਤੋਂ ਬਾਅਦ ਦੀ 8ਵੀਂ ਜਨਗਣਨਾ।**

ਬਾਰੇ ਕਦੇ ਸ਼ਾਇਦ ਹੀ ਧਿਆਨ ਦਿੰਦੇ ਹੋਈਏ। ਪਰ ਸਰਕਾਰ ਦੇ ਨੀਤੀ-ਨਿਰਧਾਰਣ ਤੋਂ ਲੈ ਕੇ ਦੇਸ਼ ਦੇ ਵਿਕਾਸ ਅਤੇ ਜਨਤਾ ਨਾਲ ਜੁੜੀਆਂ ਯੋਜਨਾਵਾਂ ਦਾ ਅਧਾਰ ਇਹੀ ਅੰਕੜੇ ਬਣਦੇ ਹਨ। ਜਿਨ੍ਹਾਂ ਦਾ ਉਪਯੋਗ ਖੋਜ ਅਤੇ ਅਰਥਵਿਵਸਥਾ ਦੀ ਤਸਵੀਰ ਗੜ੍ਹਨ ਵਿੱਚ ਕੀਤਾ ਜਾਂਦਾ ਹੈ। ਡਾਟਾ ਕਿਉਂ ਅਤੇ ਕਿੰਨਾ ਮਹੱਤਵਪੂਰਨ ਹੈ ਇਸ ਨੂੰ ਅਮਰੀਕਾ ਦੇ ਪ੍ਰਸਿੱਧ ਅਮਰੀਕੀ ਅੰਕੜਾ ਵਿਗਿਆਨੀ ਵਿਲੀਅਮ ਐਡਵਰਡ ਡੇਮਿੰਗ ਦੇ ਇਨ੍ਹਾਂ ਸ਼ਬਦਾਂ ਨਾਲ ਸਮਝਿਆ ਜਾ ਸਕਦਾ ਹੈ, "ਡੇਟਾ ਦੇ ਬਿਨਾ ਤੁਸੀਂ ਸਿਰਫ਼ ਇੱਕ ਸਲਾਹ ਦੇਣ ਵਾਲੇ ਵਿਅਕਤੀ ਹੋ।" ਭਾਵ ਡੇਟਾ ਕਿਸੇ ਵੀ ਵਿਚਾਰ, ਨੀਤੀ, ਯੋਜਨਾਵਾਂ ਨੂੰ ਮਜ਼ਬੂਤ ਕਰਨ ਦਾ ਅਧਾਰ ਹੁੰਦਾ ਹੈ।

## ਗਣਨਾ ਦਾ ਵਿਸ਼ਾਲ ਯੱਗ

ਧਾਰਮਿਕ ਗ੍ਰੰਥਾਂ ਦੇ ਅਨੁਸਾਰ ਯੱਗ ਦਾ ਆਯੋਜਨ ਇੱਛਤ ਫਲ ਦੀ ਪ੍ਰਾਪਤੀ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ। ਇਸ ਨੂੰ ਤਰੱਕੀ ਅਤੇ ਖਾਸ ਇੱਛਾਵਾਂ ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਇੱਕ ਸਾਧਨ ਵੀ ਮੰਨਿਆ ਜਾਂਦਾ ਹੈ। 2027 ਦੀ ਜਨਗਣਨਾ ਕਿਸੇ ਮਹਾਨ ਯੱਗ ਤੋਂ ਘੱਟ ਨਹੀਂ ਹੈ। ਦੋ ਪੜਾਵਾਂ ਵਿੱਚ ਹੋਣ ਵਾਲੀ ਜਨਗਣਨਾ-2027 ਦੁਨੀਆ ਦਾ ਸਭ ਤੋਂ ਵੱਡਾ ਜਨਗਣਨਾ ਕਾਰਜ ਹੈ। ਜਿਸ ਦੀ ਸ਼ੁਰੂਆਤ ਅਪ੍ਰੈਲ 2026 ਤੋਂ ਹੋ ਚੁੱਕੀ ਹੈ। ਹਾਲਾਂਕਿ ਇਹ ਜਨਗਣਨਾ 2021 ਵਿੱਚ ਪ੍ਰਸਤਾਵਿਤ ਸੀ। ਪਰ ਕੋਵਿਡ-19 ਦੀ ਆਲਮੀ ਮਹਾਮਾਰੀ ਦੇ ਕਾਰਨ ਇਸ ਨੂੰ ਮੁਲਤਵੀ ਕਰਨਾ ਪਿਆ ਸੀ। ਇਹ ਪਹਿਲੀ ਜਨਗਣਨਾ ਹੈ ਜੋ ਪੂਰੀ ਤਰ੍ਹਾਂ ਨਾਲ ਡਿਜੀਟਲ ਹੋਵੇਗੀ। ਇਸ ਵਿੱਚ ਮੋਬਾਈਲ ਐਪ ਅਤੇ ਔਨਲਾਈਨ ਸਵੈ-ਗਣਨਾ ਦਾ ਪ੍ਰਾਵਧਾਨ ਪਹਿਲੀ ਵਾਰ ਕੀਤਾ ਗਿਆ ਹੈ। ਸਾਰੇ ਭਾਈਚਾਰਿਆਂ ਦੇ ਲਈ ਜਾਤੀ ਦੀ ਗਣਨਾ ਵੀ ਇਸ ਜਨਗਣਨਾ ਦੇ ਨਾਲ ਹੋਵੇਗੀ। ਇਸ ਦੇ ਲਈ ਪੂਰੇ ਭਾਰਤ ਵਿੱਚ 31 ਲੱਖ ਤੋਂ ਵੱਧ ਕਰਮਚਾਰੀਆਂ ਨੂੰ ਟ੍ਰੇਂਡ ਕੀਤਾ ਗਿਆ ਹੈ। 16 ਜੂਨ 2025 ਨੂੰ, ਗ੍ਰਹਿ ਮੰਤਰਾਲੇ ਨੇ ਅਧਿਕਾਰਤ ਤੌਰ 'ਤੇ 2027 ਦੀ ਜਨਗਣਨਾ ਦੀ ਨੋਟੀਫਿਕੇਸ਼ਨ ਜਾਰੀ ਕੀਤੀ। ਭਾਰਤੀ ਜਨਗਣਨਾ ਭਾਰਤ ਦੇ ਲੋਕਾਂ ਦੀ ਵੱਖ-ਵੱਖ ਵਿਸ਼ੇਸ਼ਤਾਵਾਂ 'ਤੇ ਅਧਾਰਿਤ ਵੱਖ-ਵੱਖ ਅੰਕੜਾ ਸੂਚਨਾਵਾਂ ਦਾ ਸਭ ਤੋਂ ਵੱਡਾ ਸਿੰਗਲ ਸਰੋਤ ਹੈ। 150 ਤੋਂ ਵੱਧ ਵਰ੍ਹਿਆਂ ਦੇ ਇਤਿਹਾਸ ਜਿਨ੍ਹਾਂ ਰਾਜਾਂ ਵਿੱਚ ਸਵੈ-ਗਣਨਾ ਦਾ ਕੰਮ ਪੂਰਾ ਹੋ ਗਿਆ ਹੈ, ਉੱਥੇ, ਗਣਨਾ ਕਰਮਚਾਰੀ ਦੁਆਰਾ ਘਰਾਂ ਦੀ ਸੂਚੀ ਬਣਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ



# ਦੁਨੀਆ ਦੀ ਸਭ ਤੋਂ ਵੱਡੀ ਜਨਗਣਨਾ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੱਦਾ...

*ਮੇਰੇ ਪਿਆਰੇ ਦੇਸ਼ਵਾਸੀਓ,*
*ਸਾਡੇ ਦੇਸ਼ ਵਿੱਚ ਇਸ ਸਮੇਂ ਇੱਕ ਬਹੁਤ ਅਹਿਮ ਮੁਹਿੰਮ ਚੱਲ ਰਹੀ ਹੈ, ਜਿਸ ਬਾਰੇ ਹਰ ਭਾਰਤੀ ਨੂੰ ਜਾਣਕਾਰੀ ਹੋਣੀ ਜ਼ਰੂਰੀ ਹੈ। ਇਹ ਹੈ ਜਨਗਣਨਾ ਦੀ ਮੁਹਿੰਮ, ਇਹ ਦੁਨੀਆ ਦੀ ਸਭ ਤੋਂ ਵੱਡੀ ਜਨਗਣਨਾ ਹੈ। ਸਾਥੀਓ, ਜੋ ਸਾਥੀ ਪਹਿਲਾਂ ਤੋਂ ਇਸ ਤਰ੍ਹਾਂ ਦੀ ਪ੍ਰਕਿਰਿਆ ਵਿੱਚੋਂ ਲੰਘੇ ਹਨ, ਇਸ ਵਾਰ ਜਨਗਣਨਾ ਦਾ ਉਨ੍ਹਾਂ ਦਾ ਤਜਰਬਾ, ਵੱਖਰਾ ਹੋਣ ਵਾਲਾ ਹੈ।*

- *ਜਨਗਣਨਾ 2027 ਨੂੰ ਡਿਜੀਟਲ ਬਣਾਇਆ ਗਿਆ ਹੈ। ਸਾਰੀ ਜਾਣਕਾਰੀ ਸਿੱਧੇ ਡਿਜੀਟਲ ਮਾਧਿਅਮ ਵਿੱਚ ਦਰਜ ਹੋ ਰਹੀ ਹੈ। ਘਰ-ਘਰ ਜਾਣ ਵਾਲੇ ਕਰਮਚਾਰੀਆਂ ਕੋਲ ਮੋਬਾਈਲ ਐਪ ਹੈ। ਉਹ ਤੁਹਾਡੇ ਨਾਲ ਗੱਲ ਕਰਕੇ ਉਸੇ ਵਿੱਚ ਜਾਣਕਾਰੀ ਦਰਜ ਕਰਨਗੇ।*

- *ਇਸ ਵਾਰ ਜਨਗਣਨਾ ਵਿੱਚ ਤੁਹਾਡੀ ਭਾਗੀਦਾਰੀ ਵੀ ਆਸਾਨ ਬਣਾਈ ਗਈ ਹੈ, ਤੁਸੀਂ ਖ਼ੁਦ ਵੀ ਆਪਣੀ ਜਾਣਕਾਰੀ ਦਰਜ ਕਰ ਸਕਦੇ ਹੋ। ਕਰਮਚਾਰੀ ਦੇ ਆਉਣ ਤੋਂ 15 ਦਿਨ ਪਹਿਲਾਂ ਤੁਹਾਡੇ ਲਈ ਸਹੂਲਤ ਸ਼ੁਰੂ ਹੋਵੇਗੀ। ਤੁਸੀਂ ਆਪਣੇ ਸਮੇਂ ਅਨੁਸਾਰ ਜਾਣਕਾਰੀ ਭਰ ਸਕਦੇ ਹੋ। ਜਦੋਂ ਤੁਸੀਂ ਪ੍ਰਕਿਰਿਆ ਪੂਰੀ ਕਰਦੇ ਹੋ, ਤਾਂ ਤੁਹਾਨੂੰ ਇੱਕ ਵਿਸ਼ੇਸ਼ ਆਈਡੀ ਮਿਲਦੀ ਹੈ। ਇਹ ਆਈਡੀ ਤੁਹਾਡੇ ਮੋਬਾਈਲ ਜਾਂ ਈ-ਮੇਲ 'ਤੇ ਆਉਂਦੀ ਹੈ। ਬਾਅਦ ਵਿੱਚ ਜਦੋਂ ਕਰਮਚਾਰੀ ਤੁਹਾਡੇ ਘਰ ਆਉਂਦਾ ਹੈ, ਤਾਂ ਤੁਸੀਂ ਇਹੀ ਆਈਡੀ ਦਿਖਾ ਕੇ ਜਾਣਕਾਰੀ ਦੀ ਪੁਸ਼ਟੀ ਕਰ ਸਕਦੇ ਹੋ। ਇਸ ਨਾਲ ਦੁਬਾਰਾ ਜਾਣਕਾਰੀ ਦੇਣ ਦੀ ਜ਼ਰੂਰਤ ਨਹੀਂ ਪੈਂਦੀ। ਸਮਾਂ ਵੀ ਬਚਦਾ ਹੈ ਅਤੇ ਪ੍ਰਕਿਰਿਆ ਆਸਾਨ ਹੋ ਜਾਂਦੀ ਹੈ।*

- *ਜਿਨ੍ਹਾਂ ਰਾਜਾਂ ਵਿੱਚ ਸਵੈ-ਗਣਨਾ ਦਾ ਕੰਮ ਪੂਰਾ ਹੋ ਗਿਆ ਹੈ, ਉੱਥੇ, ਗਣਨਾ ਕਰਮਚਾਰੀ ਦੁਆਰਾ ਘਰਾਂ ਦੀ ਸੂਚੀ ਬਣਾਉਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਹੁਣ ਤੱਕ ਲਗਭਗ 1 ਕਰੋੜ 20 ਲੱਖ ਪਰਿਵਾਰਾਂ ਦੇ ਮਕਾਨ-ਸੂਚੀਕਰਣ ਦਾ ਕੰਮ ਪੂਰਾ ਵੀ ਹੋ ਚੁੱਕਿਆ ਹੈ।*

- *ਦੇਸ਼ ਦੀ ਜਨਗਣਨਾ ਸਿਰਫ਼ ਸਰਕਾਰੀ ਕੰਮ ਨਹੀਂ ਹੈ। ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਤੁਹਾਡੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਤੁਹਾਡੀ ਦਿੱਤੀ ਗਈ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਰਹਿੰਦੀ ਹੈ, ਇਹ ਗੁਪਤ ਰੱਖੀ ਜਾਂਦੀ ਹੈ, 'ਡਿਜੀਟਲ' ਸੁਰੱਖਿਆ ਨਾਲ ਇਸ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਪ੍ਰਕਿਰਿਆ ਵਿੱਚ ਹਿੱਸਾ ਲਈਏ। ਜਨਗਣਨਾ 2027 ਨੂੰ ਸਫ਼ਲ ਬਣਾਈਏ।*


# ਇੱਕ ਕਾਲ, ਪੂਰੀ ਜਾਣਕਾਰੀ


ਟੋਲ-ਫ੍ਰੀ ਨੰਬਰ 'ਤੇ ਕਾਲ ਕਰੋ **1855**


ਜਨਗਣਨਾ 2027 ਦੀ ਅਧਿਕਾਰਤ ਅਪਡੇਟ ਲਈ QR ਕੋਡ ਸਕੈਨ ਕਰੋ।

## ਜਨਗਣਨਾ -ਪ੍ਰਸ਼ਾਸਨਿਕ ਵਿਵਸਥਾ

- ਕੇਂਦਰੀ ਗ੍ਰਹਿ ਮੰਤਰੀ
- ਕੇਂਦਰੀ ਗ੍ਰਹਿ ਸਕੱਤਰ
- ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ (ਰਾਸ਼ਟਰੀ ਪੱਧਰ 'ਤੇ)
- ਡਾਇਰੈਕਟਰ, ਜਨਗਣਨਾ ਸੰਚਾਲਨ ਡਾਇਰੈਕਟੋਰੇਟ (ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਪੱਧਰ 'ਤੇ)
- ਮੁੱਖ ਸਕੱਤਰ (ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼)
- ਨੋਡਲ ਅਧਿਕਾਰੀ (ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼)
- **ਮੁੱਖ ਜਨਗਣਨਾ ਅਧਿਕਾਰੀ :** ਜ਼ਿਲ੍ਹਾ ਮੈਜਿਸਟ੍ਰੇਟ/ਡਿਪਟੀ ਕਮਿਸ਼ਨਰ/ਨਗਰ ਨਿਗਮ ਕਮਿਸ਼ਨਰ
- **ਇੰਚਾਰਜ ਅਧਿਕਾਰੀ :** ਐੱਸਡੀਐੱਮ/ਤਹਿਸੀਲਦਾਰ/ਬੀਡੀਓ/ਕਾਰਜਕਾਰੀ ਅਧਿਕਾਰੀ
- **ਗਣਨਾਕਾਰ ਅਤੇ ਸੁਪਰਵਾਈਜ਼ਰ :** ਅਧਿਆਪਕ, ਰਾਜ ਸਰਕਾਰ ਦੇ ਅਧਿਕਾਰੀ ਅਤੇ ਹੋਰ ਸਥਾਨਕ ਸੰਸਥਾਵਾਂ ਦੇ ਅਧਿਕਾਰੀ




ਤੱਕ ਲਗਭਗ 1 ਕਰੋੜ 20 ਲੱਖ ਪਰਿਵਾਰਾਂ ਦੇ ਮਕਾਨ-ਸੂਚੀਕਰਣ ਦਾ ਕੰਮ ਪੂਰਾ ਵੀ ਹੋ ਚੁੱਕਿਆ ਹੈ।

ਦੇਸ਼ ਦੀ ਜਨਗਣਨਾ ਸਿਰਫ਼ ਸਰਕਾਰੀ ਕੰਮ ਨਹੀਂ ਹੈ। ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ। ਤੁਹਾਡੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਤੁਹਾਡੀ ਦਿੱਤੀ ਗਈ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਰਹਿੰਦੀ ਹੈ, ਇਹ ਗੁਪਤ ਰੱਖੀ ਜਾਂਦੀ ਹੈ, 'ਡਿਜੀਟਲ' ਸੁਰੱਖਿਆ ਨਾਲ ਇਸ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ। ਆਓ, ਅਸੀਂ ਸਾਰੇ ਮਿਲ ਕੇ ਇਸ ਪ੍ਰਕਿਰਿਆ ਵਿੱਚ ਹਿੱਸਾ ਲਈਏ। ਜਨਗਣਨਾ 2027 ਨੂੰ ਸਫ਼ਲ ਬਣਾਈਏ।

ਜਦਕਿ ਛੋਟੀਆਂ ਸਮੱਸਿਆਵਾਂ ਦੇ ਸਮਾਧਾਨ ਦੇ ਲਈ ਜਨਗਣਨਾ ਰਿਪੋਰਟ ਤੋਂ ਬਹੁਤ ਸਹਾਇਤਾ ਲੈਣੀ ਪੈਂਦੀ ਹੈ।" ਜਨਗਣਨਾ ਕਿਸੇ ਦੇਸ਼ ਵਿੱਚ ਇੱਕ ਨਿਸ਼ਚਿਤ



“ਵਰ੍ਹੇ 2027 ਦੀ ਜਨਗਣਨਾ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਹੋ ਰਹੀ ਹੈ, ਜਿਸ ਵਿੱਚ ਘਰ-ਘਰ ਦੀ ਸੂਚੀ ਬਣਾਉਣਾ ਅਤੇ ਆਵਾਸ ਸਬੰਧੀ ਕਾਰਜ ਸ਼ਾਮਲ ਹਨ। ਇਹ ਜਨਗਣਨਾ ਪਹਿਲੀ ਵਾਰ ਡਿਜੀਟਲ ਮਾਧਿਅਮ ਨਾਲ ਡੇਟਾ ਸੰਗ੍ਰਹਿ ਲਈ ਕੀਤੀ ਜਾ ਰਹੀ ਹੈ। ਇਸ ਨਾਲ ਭਾਰਤ ਦੇ ਲੋਕਾਂ ਨੂੰ ਆਪਣੇ ਪਰਿਵਾਰ ਦੇ ਵੇਰਵੇ ਖੁਦ ਭਰਨ ਦੀ ਸ਼ਕਤੀ ਮਿਲਦੀ ਹੈ। ਮੈਂ ਦੇਸ਼ ਦੇ ਲੋਕਾਂ ਨੂੰ ਆਪਣੇ ਪਰਿਵਾਰ ਦੇ ਵੇਰਵੇ ਖੁਦ ਭਰਨ ਅਤੇ ਜਨਗਣਨਾ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੀ ਅਪੀਲ ਕਰਦਾ ਹੈ।

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਮੇਂ ‘ਤੇ ਹਰੇਕ ਵਿਅਕਤੀ, ਪਰਿਵਾਰ ਅਤੇ ਭਵਨ ਬਾਰੇ ਅਧਿਕਾਰਿਤ ਅਤੇ ਯੋਜਨਾਬੱਧ ਤਰੀਕੇ ਨਾਲ ਡੇਟਾ ਇਕੱਠਾ ਕਰਨ ਦੀ ਪ੍ਰਕਿਰਿਆ ਹੈ। ਇਹ ਜਨਸੰਖਿਆ ਦੇ ਆਕਾਰ, ਵਾਧੇ ਅਤੇ ਵੰਡ ਨੂੰ ਮਾਪਦੀ ਹੈ। ਇਹ ਸਾਖਰਤਾ, ਹਾਊਸਿੰਗ, ਮਾਈਗ੍ਰੇਨ, ਪ੍ਰਜਣਨ ਦਰ, ਰੁਜ਼ਗਾਰ ਅਤੇ ਆਮਦਨ ਸਰੋਤਾਂ ਨੂੰ ਦਰਜ ਕਰਦੀ ਹੈ। ਜਨਸੰਖਿਆ ਦੀ ਗਣਨਾ ਨੂੰ ਸੰਯੁਕਤ ਰਾਸ਼ਟਰ ਦਸਤਾਵੇਜ਼ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ- ਰਾਸ਼ਟਰੀ ਜਨਸੰਖਿਆ ਦੀ ਗਣਨਾ ਲਈ ਸਿਧਾਂਤ ਅਤੇ ਸਿਫਾਰਿਸ਼ਾਂ ਦੇ ਅਨੁਸਾਰ ਕਿਸੇ ਦੇਸ਼ ਜਾਂ ਸੀਮਾਬੱਧ ਖੇਤਰ ਵਿੱਚ ਵਿਸ਼ੇਸ਼ ਸਮੇਂ ਜਾਂ ਸਮਿਆਂ ‘ਤੇ ਸਾਰੇ ਵਿਅਕਤੀਆਂ ਨਾਲ ਸਬੰਧਿਤ ਸਮਾਜਿਕ, ਆਰਥਿਕ ਅਤੇ ਜਨਸੰਖਿਆ ਅੰਕੜਿਆਂ ਨੂੰ ਇਕੱਠਾ ਅਤੇ ਸੰਕਲਿਤ ਕਰਕੇ ਪ੍ਰਕਾਸ਼ਿਤ ਕਰਨ ਦੀ ਪ੍ਰਕਿਰਿਆ ਨੂੰ ਜਨਗਣਨਾ ਕਹਿੰਦੇ ਹਨ।

# ਹੁਣ ਕਾਗਜ਼-ਕਲਮ ਨਹੀਂ...
# ਡਿਜੀਟਲ ਜਨਗਣਨਾ 2027

*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਵਿੱਚ ਭਾਰਤ ਡਿਜੀਟਲ ਕ੍ਰਾਂਤੀ ਦਾ ਮੋਢੀ ਬਣ ਕੇ ਉਭਰਿਆ ਹੈ। ਵਰ੍ਹੇ 2047 ਤੱਕ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਡਿਜੀਟਲ ਜਨਗਣਨਾ ਮਹੱਤਵਪੂਰਨ ਕਦਮ ਹੈ। ਰਵਾਇਤੀ ਕਾਗਜ਼-ਅਧਾਰਿਤ ਤਰੀਕਿਆਂ ਨਾਲ ਅੱਗੇ ਵਧਦੇ ਹੋਏ, ਗਣਨਾ ਕਰਨ ਵਾਲੇ ਕਰਮਚਾਰੀ 'ਬ੍ਰਿੰਗ ਯੁਅਰ ਓਨ ਡਿਵਾਈਸ (BYOD) ਮਾਡਲ ਦੇ ਤਹਿਤ ਵਿਸ਼ੇਸ਼ ਮੋਬਾਈਲ ਐਪਲੀਕੇਸ਼ਨਾਂ ਰਾਹੀਂ ਕਰਨਗੇ ਡੇਟਾ ਇਕੱਠਾ.......*




- ਡਿਜੀਟਲ ਜਨਗਣਨਾ 2027 ਦੀ ਸ਼ੁਰੂਆਤ ਹਰ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਜਨਗਣਨਾ ਕਰਮਚਾਰੀਆਂ ਦੇ ਘਰ-ਘਰ ਆਉਣ ਤੋਂ ਪਹਿਲਾਂ ਇੱਕ ਸਮਰਪਿਤ ਪੋਰਟਲ "**se.census.gov.in**" 'ਤੇ ਜਾ ਕੇ ਆਪਣੀ ਸਵੈ-ਜਨਗਣਨਾ ਨਾਲ ਹੀ ਹੋ ਜਾਵੇਗੀ।

- ਹਾਊਸ ਲਿਸਟਿੰਗ ਬਲਾਕ ਕ੍ਰਿਏਟਰ (HLBC) ਵੈੱਬ ਐਪਲੀਕੇਸ਼ਨ: ਇਹ ਇੱਕ ਵੈੱਬ-ਮੈਪ ਐਪਲੀਕੇਸ਼ਨ ਹੈ ਜੋ ਚਾਰਜ ਅਧਿਕਾਰੀਆਂ ਨੂੰ ਸੈਟੇਲਾਈਟ ਚਿੱਤਰਾਂ ਦੀ ਸਹਾਇਤਾ ਨਾਲ ਡਿਜੀਟਲ ਤੌਰ ‘ਤੇ' ਹਾਊਸ ਲਿਸਟਿੰਗ ਬਲੌਕਸ' ਬਣਾਉਣ ਵਿੱਚ ਵਰਤੋਂ ਹੋ ਰਹੀ ਹੈ।

- ਐੱਚਐੱਲਓ ਮੋਬਾਈਲ ਐਪਲੀਕੇਸ਼ਨ: ਇਹ ਇੱਕ ਸੁਰੱਖਿਅਤ ਔਫਲਾਈਨ ਮੋਬਾਈਲ ਐਪ ਹੈ, ਜਿਸ ਰਾਹੀਂ ਗਣਨਾ ਕਰਮਚਾਰੀ ਹਾਊਸ ਲਿਸਟਿੰਗ ਡੇਟਾ ਕਲੈਕਟ ਅਤੇ ਅਪਲੋਡ ਕਰ ਸਕਦੇ ਹਨ। ਇਹ ਐਪ ਸਿੱਧੇ ਫੀਲਡ ਤੋਂ ਸਰਵਰ ਤੱਕ ਡੇਟਾ ਟ੍ਰਾਂਸਮਿਸ਼ਨ ਦੀ ਸੁਵਿਧਾ ਦਿੰਦਾ ਹੈ।ਇਸ ਨਾਲ ਰਵਾਇਤੀ ਕਾਗਜ਼ੀ ਕੰਮ ਦੀ ਜ਼ਰੂਰਤ ਨਹੀਂ ਹੋਵੇਗੀ।



- ਸਾਰਾ ਹਾਊਸ ਲਿਸਟਿੰਗ ਡੇਟਾ ਇਸੇ ਐਪ ਰਾਹੀਂ ਇਕੱਠਾ ਕੀਤਾ ਜਾਵੇਗਾ।ਜਿਸ ਨੂੰ ਸਿਰਫ ਰਜਿਸਟਰਡ ਮੋਬਾਈਲ ਨੰਬਰਾਂ ਰਾਹੀਂ ਹੀ ਸੰਚਾਲਿਤ ਕੀਤਾ ਜਾ ਸਕਦਾ ਹੈ। ਇਹ ਐਪਲੀਕੇਸ਼ਨ ਐਂਡਰੌਇਡ ਅਤੇ iOS ਪਲੈਟਫਾਰਮਾਂ 'ਤੇ 16 ਖੇਤਰੀ ਭਾਸ਼ਾਵਾਂ ਵਿੱਚ ਉਪਲਬਧ ਹੈ।

- ਜਨਗਣਨਾ ਪ੍ਰਬੰਧਨ ਅਤੇ ਨਿਗਰਾਨੀ ਪ੍ਰਣਾਲੀ (CMMS) ਪੋਰਟਲ: ਇਹ ਇੱਕ ਕੇਂਦਰੀਕ੍ਰਿਤ, ਵੈੱਬ-ਅਧਾਰਿਤ ਡਿਜੀਟਲ ਪਲੇਟਫਾਰਮ ਹੈ, ਜਿਸ ਨੂੰ ਪ੍ਰਸ਼ਾਸਨਿਕ ਪੱਧਰਾਂ 'ਤੇ ਜਨਗਣਨਾ ਨਾਲ ਸਬੰਧਿਤ ਸਾਰੀਆਂ ਗਤੀਵਿਧੀਆਂ ਦੀ ਯੋਜਨਾਬੰਦੀ, ਪ੍ਰਬੰਧਨ, ਲਾਗੂ ਕਰਨ ਅਤੇ ਨਿਗਰਾਨੀ ਦੇ ਲਈ ਡਿਜ਼ਾਈਨ ਕੀਤਾ ਗਿਆ ਹੈ।





# ਜਨਗਣਨਾ 2027
# ਸੁਰੱਖਿਅਤ ਰਹੇਗਾ ਡੇਟਾ

*ਜਨਗਣਨਾ 2027 ਦੇ ਦੌਰਾਨ ਜੋ ਵੀ ਡੇਟਾ ਜਨਤਾ ਤੋਂ ਲਿਆ ਜਾਵੇਗਾ, ਉਹ ਕਾਨੂੰਨੀ ਤੌਰ 'ਤੇ ਪੂਰੀ ਤਰ੍ਹਾਂ ਗੁਪਤ ਅਤੇ ਸੁਰੱਖਿਅਤ ਹੋਵੇਗਾ। ਨਿਜੀ ਜਾਣਕਾਰੀ ਕਿਸੇ ਵੀ ਸਥਿਤੀ ਵਿੱਚ ਜਨਤਕ ਨਹੀਂ ਕੀਤੀ ਜਾਵੇਗੀ। ਇੰਨਾ ਹੀ ਨਹੀਂ, ਅੰਕੜਿਆਂ ਦੀ ਸੁਰੱਖਿਆ ਲਈ ਬਹੁ-ਪੱਧਰੀ ਸਾਈਬਰ ਕਵਚ ਤਿਆਰ ਕੀਤਾ ਗਿਆ ਹੈ ਜੋ ਹੈਕਿੰਗ ਅਤੇ ਘੁਸਪੈਠ ਤੋਂ ਰਹੇਗਾ ਸੁਰੱਖਿਅਤ....*

- ਤਕਨਾਲੋਜੀ ਨੂੰ ਧਿਆਨ ਵਿੱਚ ਰੱਖ ਕੇ ਇਨੋਵੇਸ਼ਨ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਨਾਲ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਜਨਗਣਨਾ-2027 ਸਹੀ, ਸੁਰੱਖਿਅਤ ਅਤੇ ਵਿਆਪਕ ਹੋਵੇ।
- ਜਨਗਣਨਾ 2027 ਵਿੱਚ ਘਰ-ਘਰ ਜਾ ਕੇ ਸੁਰੱਖਿਅਤ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਕਰਕੇ ਡੇਟਾ ਇਕੱਠਾ ਕੀਤਾ ਜਾ ਰਿਹਾ ਹੈ। ਸਟੀਕ ਸੁਰੱਖਿਆ ਫੀਚਰ ਇਸ ਵਿੱਚ ਸ਼ਾਮਲ ਹਨ। ਡੇਟਾ ਸੁਰੱਖਿਆ ਲਈ ਸਾਰੇ ਜ਼ਰੂਰੀ ਉਪਾਅ ਕੀਤੇ ਗਏ ਹਨ।



- ਮੋਬਾਈਲ 'ਤੇ ਡੇਟਾ ਇਕੱਠਾ ਕਰਨ ਅਤੇ ਉਨ੍ਹਾਂ ਅੰਕੜਿਆਂ ਨੂੰ ਭੇਜਣ ਦੌਰਾਨ ਅਤੇ ਸਰਵਰ ਪੱਧਰ 'ਤੇ ਡੇਟਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੀ ਸਾਰੇ ਉਪਾਅ ਕੀਤੇ ਗਏ ਹਨ।
- ਜਨਗਣਨਾ 2027 ਵਿੱਚ ਉਪਯੋਗ ਹੋਣ ਵਾਲੇ ਡਿਜੀਟਲ ਉਪਕਰਣ ਉੱਚ ਪੱਧਰੀ ਡੇਟਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਜ਼ਬੂਤ ਇਨਕ੍ਰਿਪਸ਼ਨ ਅਤੇ ਬਹੁ-ਪੱਧਰੀ ਪ੍ਰਮਾਣੀਕਰਣ ਨਾਲ ਲੈਸ ਹਨ।
- ਜਨਗਣਨਾ ਵਿੱਚ ਅੰਕੜੇ ਜਨਗਣਨਾ ਐਕਟ 1948 ਅਤੇ ਜਨਗਣਨਾ ਨਿਯਮ, 1990 ਦੇ ਪ੍ਰਾਵਧਾਨਾਂ ਦੇ ਅਨੁਸਾਰ ਇਕੱਠੇ ਕੀਤੇ ਜਾਂਦੇ ਹਨ। ਇਸ ਵਿੱਚ ਇਕੱਠਾ ਕੀਤਾ ਗਿਆ ਨਿਜੀ ਡੇਟਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।
- ਡੇਟਾ ਸੁਰੱਖਿਆ ਨੂੰ ਸਰਬਉੱਚ ਤਰਜੀਹ ਦਿੰਦੇ ਹੋਏ ਸਿਰਫ਼ ਵੱਖ-ਵੱਖ ਪ੍ਰਸ਼ਾਸਨਿਕ ਪੱਧਰਾਂ 'ਤੇ ਇਕੱਠਾ ਕੀਤਾ ਡੇਟਾ ਹੀ ਪ੍ਰਕਾਸ਼ਿਤ ਕੀਤਾ ਜਾਂਦਾ ਹੈ।
- ਜਨਗਣਨਾ 2027 ਦੀਆਂ ਵੱਖ-ਵੱਖ ਗਤੀਵਿਧੀਆਂ ਦੇ ਪ੍ਰਬੰਧਨ ਅਤੇ ਨਿਗਰਾਨੀ ਲਈ ਇੱਕ ਵੈੱਬ ਪੋਰਟਲ ਵਿਕਸਿਤ ਕੀਤਾ ਗਿਆ ਹੈ।



**ਜਿਨ੍ਹਾਂ ਨਿਵਾਸੀਆਂ ਨੇ ਸਵੈ-ਗਣਨਾ ਪੂਰੀ ਕਰ ਲਈ ਹੈ, ਉਹ ਆਪਣੀ ਸਵੈ-ਗਣਨਾ ਆਈਡੀ (SE ID) ਨੂੰ ਤਿਆਰ ਰੱਖਣ ਅਤੇ ਗਿਣਤੀਕਾਰ ਦੇ ਆਉਣ 'ਤੇ ਇਸ ਨੂੰ ਉਨ੍ਹਾਂ ਨਾਲ ਸਾਂਝਾ ਕਰਨ। ਜਿਨ੍ਹਾਂ ਪਰਿਵਾਰਾਂ ਨੇ ਖੁਦ ਜਨਗਣਨਾ ਦਾ ਵਿਕਲਪ ਨਹੀਂ ਚੁਣਿਆ ਹੈ, ਉਨ੍ਹਾਂ ਨੂੰ ਜਨਗਣਨਾ ਕਰਨ ਵਾਲਿਆਂ ਦੁਆਰਾ ਘਰ-ਘਰ ਜਾ ਕੇ ਮਕਾਨ ਸੂਚੀਕਰਣ ਅਤੇ ਮਕਾਨਾਂ ਦੀ ਗਣਨਾ ਵਿੱਚ ਸ਼ਾਮਲ ਕੀਤਾ ਜਾਵੇਗਾ।**

### ਜਨਗਣਨਾ ਦਾ ਵਿਸ਼ਵਵਿਆਪੀ ਸੰਦਰਭ

ਜਨਗਣਨਾ ਸ਼ਬਦ ਲੈਟਿਨ (ਲਾਤੀਨੀ) ਸ਼ਬਦ 'ਸੈਂਸੇਰ' ਤੋਂ ਲਿਆ ਗਿਆ ਹੈ, ਜਿਸ ਦਾ ਅਰਥ 'ਆਂਕਲਨ ਕਰਨਾ' ਜਾਂ ਮੁਲਾਂਕਣ ਕਰਨਾ ਹੁੰਦਾ ਹੈ। ਇਸ ਦਾ ਇਤਿਹਾਸ ਪਹਿਲੀ ਜਾਂ ਦੂਜੀ ਸ਼ਤਾਬਦੀ ਈ. ਪੂਰਵ ਦਾ ਹੈ ਜਦੋਂ ਰੋਮ ਵਿੱਚ ਮੈਜਿਸਟ੍ਰੇਟਾਂ ਨੂੰ ਟੈਕਸ ਲਗਾਉਣ ਦੇ ਉਦੇਸ਼ ਨਾਲ ਜਨਸੰਖਿਆ ਰਜਿਸਟਰ ਤਿਆਰ ਕਰਨ ਅਤੇ ਲਾਜ਼ਮੀ ਫੌਜੀ ਸੇਵਾ ਲਈ ਬਾਲਗ ਪੁਰਸ਼ਾਂ ਦੀ ਉਪਲਬਧਤਾ ਨਿਰਧਾਰਿਤ ਕਰਨ ਦੀ ਜ਼ਰੂਰਤ ਹੁੰਦੀ ਸੀ। ਰੋਮਨ ਸਾਮਰਾਜ ਦੀ ਸਥਾਪਨਾ ਤੋਂ ਪਹਿਲਾਂ 'ਲੈਂਡ-ਟੈਕਸ' ਸਬੰਧੀ (ਕੈਡਸਟ੍ਰਲ) ਸਰਵੇਖਣਾਂ ਦੇ ਰੂਪ ਵਿੱਚ ਬਹੁਤ ਕੁਝ ਪਹਿਲਾਂ ਜਨਗਣਨਾਵਾਂ ਦੇ ਸਬੂਤ ਉਪਲਬਧ ਹੈ। ਪ੍ਰਾਚੀਨ ਬੇਬੀਲੋਨੀਆ, ਚੀਨ ਅਤੇ ਮਿਸਰ ਵਿੱਚ ਈ. ਤੋਂ 30 ਸ਼ਤਾਬਦੀ ਪਹਿਲਾਂ ਇਸ ਤਰ੍ਹਾਂ ਦੀ ਗਣਨਾ ਕੀਤੀ ਗਈ ਸੀ। ਹੇਰੋਡੋਟਸ ਨੇ ਨੀਲ ਨਦੀ ਦੀ ਘਾਟੀ ਅਤੇ ਪ੍ਰਾਚੀਨ ਫਾਰਸ ਵਿੱਚ ਇਸ ਤਰ੍ਹਾਂ ਦੇ ਉਪਕ੍ਰਮਾਂ ਬਾਰੇ ਦੱਸਿਆ। ਜਨਗਣਨਾ ਦੇ ਰਿਕਾਰਡਾਂ ਦੇ ਕੁਝ ਬਿਰਤਾਂਤ ਪੁਰਾਣੇ ਵਿਧਾਨ ਸੈਕਸ਼ਨਾਂ ਵਿੱਚ ਵੀ ਉਪਲਬਧ ਹਨ। ਪਲਾਇਨ ਤੋਂ ਪਹਿਲਾਂ (1,500 ਈ. ਪੂਰਵ) ਮੂਸਾ ਨੇ ਇਜ਼ਰਾਈਲ ਦੇ ਲੜਨ ਵਾਲੇ ਪੁਰਸ਼ਾਂ ਦੀ ਗਣਨਾ ਕੀਤੀ ਸੀ। ਜਦਕਿ ਚੰਗੇਜ ਖਾਨ ਨੇ 12ਵੀਂ ਸ਼ਤਾਬਦੀ ਦੇ ਅਖੀਰ ਅਤੇ 13ਵੀਂ ਸ਼ਤਾਬਦੀ ਦੀ ਸ਼ੁਰੂਆਤ ਵਿੱਚ ਟੈਕਸ ਲਗਾਉਣ ਲਈ ਲੋਕਾਂ ਦੀ ਸਮਰੱਥਾ ਨਿਰਧਾਰਿਤ ਕਰਨ ਦੇ ਉਦੇਸ਼ ਨਾਲ ਆਪਣੇ ਚੀਨ ਵਿੱਚ 14ਵੀਂ ਸ਼ਤਾਬਦੀ ਵਿੱਚ ਜਨਗਣਨਾ ਦੀਆਂ ਵਿਸਤ੍ਰਿਤ ਯੋਜਨਾਵਾਂ ਦੇ ਕੁਝ ਸਬੂਤ ਪ੍ਰਾਪਤ ਹੁੰਦੇ ਹਨ। ਹਰ ਉਮਰ ਦੇ ਨਿਵਾਸੀਆਂ ਨੂੰ ਸ਼ਾਮਲ ਕਰਦੇ ਹੋਏ ਸਭ ਤੋਂ ਪਹਿਲਾਂ ਪੂਰੀਆਂ ਕੀਤੀਆਂ ਗਈਆਂ ਜਨਗਣਨਾਵਾਂ ਵਿੱਚ ਇੱਕ ਜਨਗਣਨਾ ਸਾਲ 1449 ਵਿੱਚ ਜਰਮਨ ਸ਼ਹਿਰ ਨੂਰੇਮਬਰਗ



*ਜਨਗਣਨਾ ਦੋ ਹਿੱਸਿਆਂ ਵਿੱਚ ਹੁੰਦੀ ਹੈ, ਪਹਿਲਾਂ ਘਰਾਂ ਦੀ, ਫਿਰ ਵਿਅਕਤੀਆਂ ਦੀ, ਹੁਣ ਪਹਿਲਾ ਪੜਾਅ ਚੱਲ ਰਿਹਾ ਹੈ ਜਿਸ ਵਿੱਚ ਘਰਾਂ ਦੀ ਗਣਨਾ ਹੋ ਰਹੀ ਹੈ। ਘਰਾਂ ਦੀ ਕੋਈ ਜਾਤ ਨਹੀਂ ਹੁੰਦੀ ਇਸ ਲਈ ਫਾਰਮ ਵਿੱਚ ਜਾਤੀ ਦਾ ਓਪਸ਼ਨ ਨਹੀਂ ਹੈ। ਜਦੋਂ ਵਿਅਕਤੀਆਂ ਦੀ ਗਣਨਾ ਹੋਵੇਗੀ ਤਾਂ ਉਸ ਵਿੱਚ ਜਾਤੀ ਜਨਗਣਨਾ ਦਾ ਸਵਾਲ ਆਵੇਗਾ।*

**– ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਵਿੱਚ ਕੀਤੀ ਗਈ ਸੀ। 15ਵੀਂ ਅਤੇ 16ਵੀਂ ਸ਼ਤਾਬਦੀ ਵਿੱਚ ਸਵਿਟਜ਼ਰਲੈਂਡ ਵਿੱਚ ਹੋਰ ਸੂਬਾਈ ਜਾਂ ਨਗਰਪਾਲਿਕਾ ਜਨਗਣਨਾਵਾਂ ਕੀਤੇ ਜਾਣ ਦੀ ਸੂਚਨਾ ਮਿਲਦੀ ਹੈ। ਉੱਤਰੀ ਅਮਰੀਕਾ ਵਿੱਚ ਸਪੈਨਿਸ਼ ਕਬਜ਼ੇ ਵਾਲੇ ਅਮਰੀਕੀ ਖੇਤਰਾਂ ਵਿੱਚ ਪਹਿਲੀ ਜਨਗਣਨਾ ਸਾਲ 1576 ਵਿੱਚ ਸਪੇਨ ਦੇ ਰਾਜਾ ਫਿਲਿਪ XI ਦੁਆਰਾ ਕਰਵਾਈ ਗਈ ਸੀ। ਇਹ ਕੰਮ ਉੱਥੋਂ ਦੇ ਮੂਲ ਨਿਵਾਸੀਆਂ ਦੁਆਰਾ ਕੀਤਾ ਗਿਆ ਸੀ ਅਤੇ ਉਨ੍ਹਾਂ ਦੁਆਰਾ ਬਣਾਈ ਗਈ ਰਿਪੋਰਟ ਟੈਕਸਾਸ ਯੂਨੀਵਰਸਿਟੀ ਵਿੱਚ ਉਪਲਬਧ ਹੈ।

ਹਾਲਾਂਕਿ ਇਤਿਹਾਸ ਦੱਸਦਾ ਹੈ ਕਿ ਪਹਿਲੀ ਜਨਗਣਨਾ ਵਰਗੀ ਕੋਈ ਚੀਜ਼ ਨਹੀਂ ਹੈ ਕਿਉਂਕਿ ਸ਼ੁਰੂਆਤੀ ਗਣਨਾਵਾਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਆਧੁਨਿਕ ਵਿਸ਼ੇਸ਼ਤਾਵਾਂ ਸ਼ਾਮਲ ਸਨ, ਪਰ ਕੋਈ ਵੀ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰਨ ਦਾ ਦਾਅਵਾ ਨਹੀਂ ਕਰ ਸਕਦਾ ਹੈ। 17ਵੀਂ ਅਤੇ

**ਦੇਸ਼ ਵਿੱਚ ਸਾਖਰਤਾ ਦਰ**
**73.0%**
80.9% ਪੁਰਸ਼ | 64.6% ਮਹਿਲਾ

# ਕੋਵਿਡ ਦੇ ਕਾਰਨ
# ਜਨਗਣਨਾ ਵਿੱਚ ਹੋਈ ਦੇਰੀ



*ਸਰਕਾਰ ਨੇ 2011 ਦੀ ਜਨਗਣਨਾ ਤੋਂ ਬਾਅਦ ਵਰ੍ਹੇ 2021 ਦੀ ਜਨਗਣਨਾ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਸਨ। ਉਸੇ ਸਮੇਂ, ਸਦੀ ਦੀ ਸਭ ਤੋਂ ਵੱਡੀ ਮਹਾਮਾਰੀ, ਕੋਵਿਡ ਦਾ ਸੰਕਟ ਆਇਆ, ਜਿਸ ਦੇ ਕਾਰਨ ਜਨਗਣਨਾ ਸੰਭਵ ਨਹੀਂ ਹੋ ਸਕੀ। ਕੋਵਿਡ ਸੰਕਟ ਖਤਮ ਹੋਣ ਤੋਂ ਬਾਅਦ ਦੇਸ਼ ਨੂੰ ਇਸ ਤੋਂ ਉਭਰਨ ਵਿੱਚ ਸਮਾਂ ਲਗਿਆ ਅਤੇ ਹੁਣ ਹੋ ਰਹੀ ਹੈ ਜਨਗਣਨਾ 2027.....*



- 24 ਦਸੰਬਰ 2019 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਨੇ ਭਾਰਤ ਦੀ ਜਨਗਣਨਾ-2021 ਦੀ ਪ੍ਰਕਿਰਿਆ ਸ਼ੁਰੂ ਕਰਨ ਅਤੇ ਰਾਸ਼ਟਰੀ ਜਨਸੰਖਿਆ ਰਜਿਸਟਰ (ਐੱਨਪੀਆਰ) ਨੂੰ ਅਪਡੇਟ ਕਰਨ ਦੀ ਮਨਜ਼ੂਰੀ ਦਿੱਤੀ ਸੀ।
- ਜਨਗਣਨਾ 2021 ਕਰਵਾਉਣ ਲਈ ਸਰਕਾਰ ਦੀ ਇੱਛਾ 28 ਮਾਰਚ, 2019 ਨੂੰ ਭਾਰਤ ਦੇ ਗਜ਼ਟ ਵਿੱਚ ਨੋਟੀਫਾਇਡ ਕੀਤੀ ਗਈ ਸੀ।
- ਕੋਵਿਡ-19 ਮਹਾਮਾਰੀ ਦੇ ਪ੍ਰਕੋਪ ਕਾਰਨ, ਜਨਗਣਨਾ 2021 ਅਤੇ ਸਬੰਧਿਤ ਖੇਤਰ ਦੀਆਂ ਗਤੀਵਿਧੀਆਂ ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ।
- ਅਜਿਹੇ ਵਿੱਚ ਹੁਣ ਭਾਰਤ ਵਿੱਚ, ਬਹੁਤ ਉਡੀਕੀ ਜਾ ਰਹੀ ਜਨਗਣਨਾ ਸਾਲ 2027 ਸ਼ੁਰੂ ਕਰ ਦਿੱਤੀ ਗਈ ਹੈ।

## ਜਨਗਣਨਾ 2011 ਦੇ ਪ੍ਰਮੁੱਖ ਜਨਸੰਖਿਆ ਨਤੀਜੇ

**ਕੁੱਲ ਜਨਸੰਖਿਆ**
**1.21** ਅਰਬ
1 ਮਾਰਚ, 2011 ਤੱਕ

ਪੁਰਸ਼ਾਂ ਦੀ ਗਿਣਤੀ
**62.32** ਕਰੋੜ

ਮਹਿਲਾਵਾਂ ਦੀ ਗਿਣਤੀ
**58.76** ਕਰੋੜ

**93.91%** ਸਾਖਰਤਾ ਦਰ ਨਾਲ ਕੇਰਲ ਨੇ ਟੌਪ ਸਥਾਨ ਬਰਕਰਾਰ ਰੱਖਿਆ।

**ਜਨਸੰਖਿਆ ਵਾਧਾ**
2001-2011 ਦੇ ਦਹਾਕੇ ਦੌਰਾਨ
**18.20** ਕਰੋੜ

**ਵਿੱਚ ਬਾਲ ਲਿੰਗ ਅਨੁਪਾਤ**
ਪ੍ਰਤੀ 1 ਹਜ਼ਾਰ ਲੜਕਿਆਂ 'ਤੇ
**918** ਲੜਕੀਆਂ

**2011 ਵਿੱਚ ਭਾਰਤ ਦੀ ਜਨਸੰਖਿਆ ਘਣਤਾ**
**382** ਪ੍ਰਤੀ ਵਰਗ ਕਿਲੋਮੀਟਰ ਸੀ,
ਦਹਾਕਾ ਵਾਧਾ 17.7%।

**ਇਸ ਤੋਂ ਬਾਅਦ ਸਾਖ਼ਰਤਾ ਵਿੱਚ ਲਕਸ਼ਦ੍ਵੀਪ (91.8%) ਅਤੇ ਮਿਜ਼ੋਰਮ (91.3%) ਦਾ ਸਥਾਨ ਰਿਹਾ।**

# ਜਨਗਣਨਾ ਦੀ ਪੂਰੀ ਪ੍ਰਕਿਰਿਆ ਨੂੰ ਸਮਝੋ

*ਜਨਗਣਨਾ ਦੇ ਸੁਚਾਰੂ ਸੰਚਾਲਨ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਕਾਰਨ ਇਹ ਹੈ ਕਿ ਅੰਕੜਿਆਂ ਦਾ ਸੰਗ੍ਰਹਿ, ਤਸਦੀਕ, ਨਿਗਰਾਨੀ, ਨਿਰੀਖਣ ਅਤੇ ਪ੍ਰਗਤੀ ਦੀ ਸਮੀਖਿਆ ਸਮੇਤ ਵੱਖ-ਵੱਖ ਜ਼ਮੀਨੀ ਪੱਧਰ ਦੀਆਂ ਗਤੀਵਿਧੀਆਂ ਜਨਗਣਨਾ ਐਕਟ, 1948 ਅਤੇ ਜਨਗਣਨਾ ਨਿਯਮ, 1990 ਦੇ ਪ੍ਰਾਵਧਾਨਾਂ ਦੇ ਅਧੀਨ ਸਬੰਧਿਤ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪ੍ਰਸ਼ਾਸਨਾਂ ਦੁਆਰਾ ਨਿਯੁਕਤ ਜਨਗਣਨਾ ਅਧਿਕਾਰੀ ਕਰਦੇ ਹਨ।*

**ਪਹਿਲੀ ਵਾਰ** ਜਨਗਣਨਾ ਡਿਜੀਟਲ ਤੌਰ 'ਤੇ ਆਯੋਜਿਤ ਕੀਤੀ ਜਾ ਰਹੀ ਹੈ। **ਪਹਿਲੀ ਵਾਰ** 'ਸਵੈ-ਗਣਨਾ' (Self-Enumeration) ਦਾ ਵਿਕਲਪ ਵੀ ਉਪਲਬਧ ਹੈ

## ...ਇਸੇ ਲਈ ਕਹੀ ਜਾ ਰਹੀ ਹੈ ਜਨਗਣਨਾ 2027

- ਭਾਰਤ ਸਰਕਾਰ ਨੇ ਜਨਗਣਨਾ 2027 ਨੂੰ 16 ਜੂਨ, 2025 ਨੂੰ ਗਜ਼ਟ ਵਿੱਚ ਨੋਟੀਫਾਇਡ ਕੀਤਾ ਸੀ। ਤੁਸੀਂ ਕਹਿ ਸਕਦੇ ਹੋ ਕਿ ਦੋ ਪੜਾਵਾਂ ਦੀ ਇਹ ਜਨਗਣਨਾ ਅਪ੍ਰੈਲ, 2026 ਤੋਂ ਸ਼ੁਰੂ ਹੋ ਗਈ ਹੈ, ਤਾਂ ਫਿਰ ਇਸਦਾ ਨਾਮ ਜਨਗਣਨਾ 2027 ਕਿਉਂ?
- ਇਸਦਾ ਜਵਾਬ ਇਹ ਹੈ ਕਿ ਜਿਹੜੇ ਲੋਕਾਂ ਦੀ ਅੰਤਿਮ ਗਿਣਤੀ ਹੋਵੇਗੀ, ਉਸਦੀ ਸੰਦਰਭ ਮਿਤੀ 1 ਮਾਰਚ, 2027 ਦੀ ਰਾਤ 00:00 ਵਜੇ ਹੋਵੇਗੀ। ਯਾਨੀ ਜਿਨ੍ਹਾਂ ਦਾ ਜਨਮ 28 ਫਰਵਰੀ, 2027 ਦੀ ਰਾਤ 12 ਵਜੇ ਤੱਕ ਹੋਵੇਗਾ, ਉਹ ਜਨਗਣਨਾ 2027 ਵਿੱਚ ਗਿਣੇ ਜਾਣਗੇ। ਇਸੇ ਦਿਨ ਅਤੇ ਸਮੇਂ ਤੱਕ ਜਿਨ੍ਹਾਂ ਦੀ ਮੌਤ ਹੋ ਜਾਵੇਗੀ, ਉਨ੍ਹਾਂ ਦੀ ਗਿਣਤੀ ਇਸ ਵਿੱਚ ਨਹੀਂ ਹੋਵੇਗੀ।
- ਲੱਦਾਖ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਬਰਫ਼ਵਾਲੇ ਗੈਰ-ਕਾਲਿਕ ਖੇਤਰਾਂ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਰਾਜਾਂ ਦੇ ਮਾਮਲੇ ਵਿੱਚ ਗੱਲ ਕਰੀਏ ਤਾਂ ਇਹ ਸੰਦਰਭ ਮਿਤੀ 1 ਅਕਤੂਬਰ, 2026 ਦੀ ਰਾਤ 00:00 ਵਜੇ ਹੋਵੇਗੀ।



## ਮਕਾਨ ਸੂਚੀਕਰਣ ਅਤੇ ਮਕਾਨਾਂ ਦੀ ਗਣਨਾ ਵਿੱਚ ਪੁੱਛੇ ਜਾਣਗੇ 33 ਪ੍ਰਸ਼ਨ

- ਮਕਾਨ ਸੂਚੀਕਰਣ ਅਤੇ ਮਕਾਨਾਂ ਦੀ ਗਣਨਾ ਦਾ ਪੜਾਅ, ਅਪ੍ਰੈਲ ਤੋਂ 30 ਸਤੰਬਰ, 2026 ਦੇ ਦਰਮਿਆਨ ਪੂਰੇ ਦੇਸ਼ ਵਿੱਚ ਸੰਚਾਲਿਤ ਕੀਤਾ ਜਾਵੇਗਾ।
- ਇਸ ਛੇ ਮਹੀਨਿਆਂ ਦੀ ਮਿਆਦ ਵਿੱਚ ਹਰੇਕ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼,ਸਰਕਾਰ ਦੁਆਰਾ ਨੋਟੀਫਾਇਡ ਕੀਤੇ ਗਏ 30 ਦਿਨਾਂ ਦੀ ਮਿਆਦ ਵਿੱਚ ਇਸ ਖੇਤਰੀ ਕਾਰਜ ਨੂੰ ਪੂਰਾ ਕਰਨਗੇ।
- ਮਕਾਨ ਸੂਚੀ ਕਰਣ ਅਤੇ ਮਕਾਨਾਂ ਦੀ ਗਣਨਾ ਦੇ ਪੜਾਅ ਦੌਰਾਨ ਰਿਹਾਇਸ਼ ਦੀ ਸਥਿਤੀ, ਘਰੇਲੂ ਸਹੂਲਤਾਂ ਅਤੇ ਉਪਲਬਧ ਸੰਪਤੀਆਂ ਨਾਲ ਸਬੰਧਿਤ ਵਿਸਤ੍ਰਿਤ ਜਾਣਕਾਰੀ ਇਕੱਠੀ ਕੀਤੀ ਜਾਵੇਗੀ।
- ਮਹੱਤਵਪੂਰਨ ਸੰਕੇਤਾਂ ਨੂੰ ਦਰਜ ਕਰਨ ਲਈ ਜਨਵਰੀ 2026 ਵਿੱਚ ਪਹਿਲੇ ਪੜਾਅ ਲਈ ਕੁੱਲ 33 ਸਵਾਲ ਨੋਟੀਫਾਇਡ ਕੀਤੇ ਗਏ ਹਨ, ਜੋ ਸਬੂਤ-ਅਧਾਰਿਤ ਯੋਜਨਾ ਨਿਰਮਾਣ, ਨੀਤੀ ਨਿਰਧਾਰਣ ਅਤੇ ਟੀਚਾਗਤ ਭਲਾਈ ਸਕੀਮਾਂ ਲਈ ਅਧਾਰ ਪ੍ਰਦਾਨ ਕਰਦੇ ਹਨ।



18ਵੀਂ ਸ਼ਤਾਬਦੀ ਵਿੱਚ ਮਹੱਤਵਪੂਰਨ ਜਨਸੰਖਿਆ ਸਬੰਧੀ ਵਿਸ਼ੇਸ਼ਤਾਵਾਂ ਨਾਲ ਰਾਸ਼ਟਰ ਦੀ ਸੰਪੂਰਨ ਜਨਸੰਖਿਆ ਨੂੰ ਸ਼ਾਮਲ ਕਰਦੇ ਹੋਏ ਆਧੁਨਿਕ ਜਨਗਣਨਾ ਦਾ ਵਿਚਾਰ ਪੈਦਾ ਹੋਇਆ।

**1872 ਤੋਂ ਪਹਿਲਾਂ ਭਾਰਤ ਦੀ ਜਨਗਣਨਾ ਦਾ ਇਤਿਹਾਸ**

ਹੜੱਪਾ ਅਤੇ ਮੋਹਨ-ਜੋਦਾੜੋ ਦੀ ਖੁਦਾਈ ਤੋਂ ਪਤਾ ਲੱਗਦਾ ਹੈ ਕਿ ਤੀਜੀ ਜਾਂ ਚੌਥੀ ਸ਼ਤਾਬਦੀ (ਸਦੀ) ਈ.ਪੂਰਵ ਤੱਕ ਅਤੇ ਸ਼ਾਇਦ ਉਸ ਤੋਂ ਬਹੁਤ ਪਹਿਲਾਂ ਤੋਂ ਵੀ, ਭਾਰਤ ਵਿੱਚ ਇੱਕ ਬਹੁਤ ਜ਼ਿਆਦਾ ਵਿਕਸਿਤ ਸੱਭਿਅਤਾ ਸੀ, ਜਿਸ ਵਿੱਚ ਵੱਡੇ ਅਤੇ ਸੰਘਣੀ ਜਨਸੰਖਿਆ ਵਾਲੇ ਸ਼ਹਿਰ, ਚੰਗੀ ਤਰ੍ਹਾਂ ਨਾਲ ਬਣੇ ਭਵਨ, ਮੰਦਿਰ, ਇੱਟਾਂ ਨਾਲ ਬਣੇ ਜਨਤਕ ਭਵਨ ਅਤੇ ਕਈ ਹੋਰ ਸੁਵਿਧਾਵਾਂ ਸਨ, ਜਿਨ੍ਹਾਂ ਦੀ ਵਰਤੋਂ ਉਸ ਸਮੇਂ ਮੇਸੋਪੋਟਾਮੀਆ ਅਤੇ ਮਿਸਰ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਸੀ। ਪ੍ਰਾਚੀਨ ਸਾਹਿਤ ਰਿਗਵੇਦ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਜਨਸੰਖਿਆ ਬਹੁਤ ਘੱਟ ਸੀ ਅਤੇ ਛੋਟੇ ਪਿੰਡਾਂ ਦੇ ਰੂਪ ਵਿੱਚ ਵਿਸਤ੍ਰਿਤ ਖੇਤਰਾਂ ਵਿੱਚ ਫੈਲੀ ਹੋਈ ਸੀ। ਸੰਘਣੀ ਜਨਸੰਖਿਆ

# ਪਹਿਲੀ ਵਾਰ ਸਵੈ-ਗਣਨਾ....

## 16 ਭਾਸ਼ਾਵਾਂ ਵਿੱਚ ਔਨਲਾਈਨ ਸੁਵਿਧਾ...

*ਦੇਸ਼ ਦੀ 16ਵੀਂ ਜਨਗਣਨਾ ਅਤੇ ਆਜ਼ਾਦੀ ਤੋਂ ਬਾਅਦ 8ਵੀਂ ਜਨਗਣਨਾ ਹੋ ਰਹੀ ਹੈ। ਹਾਲਾਂਕਿ ਇਹ ਜਨਗਣਨਾ ਹਰ 10 ਵਰ੍ਹਿਆਂ ਬਾਅਦ ਕੀਤੀ ਜਾਂਦੀ ਰਹੀ ਹੈ, ਲੇਕਿਨ ਇਸ ਵਾਰ ਇਹ 16 ਵਰ੍ਹਿਆਂ ਬਾਅਦ ਹੋ ਰਹੀ ਹੈ। ਇਸ ਤੋਂ ਮਹੱਤਵਪੂਰਨਇਨ੍ਹਾਂ 16 ਜਨਗਣਨਾਵਾਂਵਿੱਚ ਜੋ ਪਹਿਲੀ ਵਾਰ ਹੋ ਰਿਹਾ ਹੈ, ਉਹ ਹੈ "ਡਿਜੀਟਲ ਜਨਗਣਨਾ" ਅਤੇ "ਸਵੈ-ਗਣਨਾ" ਦਾ ਨਾਗਰਿਕਾਂ ਨੂੰ ਵਿਕਲਪ ਦੇਣਾ। ਜਨਗਣਨਾ (ਸੋਧ) ਨਿਯਮ, 2022 ਦੀ ਧਾਰਾ 6D ਦੇ ਤਹਿਤ, ਸਵੈ-ਗਣਨਾ ਇੱਕ ਸੁਰੱਖਿਅਤ ਵੈੱਬ-ਅਧਾਰਿਤ ਸੁਵਿਧਾ ਹੈ, ਜੋ 16 ਖੇਤਰੀ ਭਾਸ਼ਾਵਾਂ ਵਿੱਚ ਉਪਲਬਧ ਹੈ।*

- **se.census.gov.in** ਇੱਕ ਸਮਰਪਿਤ ਵੈੱਬ ਪੋਰਟਲ ਹੈ ਜੋ ਡੈਸਕਟੌਪ, ਲੈਪਟੌਪ ਜਾਂ ਮੋਬਾਈਲ 'ਤੇ ਅਸਾਨੀ ਨਾਲ ਉਪਲਬਧ ਹੈ। ਸਵੈ-ਗਣਨਾ ਦੇਸ਼ ਅੰਦਰ ਕਿਸੇ ਦੂਰ-ਦੁਰਾਡੇ ਦੇ ਸਥਾਨ 'ਤੇ ਬੈਠ ਕੇ ਵੀ ਔਨਲਾਈਨ ਕੀਤੀ ਜਾ ਸਕਦੀ ਹੈ।
- ਇਹ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਮਕਾਨ ਸੂਚੀਕਰਣ ਦੀ ਸ਼ੁਰੂਆਤ ਤੋਂ 15 ਦਿਨ ਪਹਿਲਾਂ ਆਮ ਜਨਤਾ ਦੇ ਲਈ ਉਪਲਬਧ ਹੋਵੇਗੀ ਤਾਂ ਜੋ ਉਹ ਆਪਣੇ ਪਰਿਵਾਰ ਦਾ ਵੇਰਵਾ ਦਰਜ ਕਰ ਸਕਣ।
- ਗਿਣਤੀਕਾਰ ਪਿਛਲੀਆਂ ਜਨਗਣਨਾਵਾਂ ਦੀ ਤਰ੍ਹਾਂ ਸਾਰੇ ਅਲਾਟ ਹਾਊਸ ਲਿਸਟਿੰਗ ਬਲਾਕਾਂ ਵਿੱਚ ਘਰ-ਘਰ ਜਾਣਗੇ, ਜਦਕਿ ਉਸ ਤੋਂ ਪਹਿਲਾਂ ਸਵੈ-ਗਣਨਾ ਇੱਕ ਵਾਧੂ ਸੁਵਿਧਾ ਦੇ ਰੂਪ ਵਿੱਚ ਕੰਮ ਕਰੇਗੀ।




## ਸਵੈ ਗਣਨਾ ਦੀ ਇਹ ਹੈ ਪੂਰੀ ਪ੍ਰਕਿਰਿਆ

ਸਵੈ-ਗਣਨਾ ਦੀ ਵੀਡੀਓ ਮਾਰਗਦਰਸ਼ਿਕਾ ਦੇ ਲਈ QR ਕੋਡ ਸਕੈਨ ਕਰੋ।

### ਪਹਿਲਾ ਸੈਕਸ਼ਨ




**ਪੋਰਟਲ ਲੌਗਿਨ ਅਤੇ ਸ਼ੁਰੂਆਤੀ ਰਜਿਸਟ੍ਰੇਸ਼ਨ**

**ਪੋਰਟਲ ਲੌਗਿਨ ਅਤੇ ਸ਼ੁਰੂਆਤੀ ਰਜਿਸਟ੍ਰੇਸ਼ਨ**

1. ਸਵੈ-ਗਣਨਾ ਵਿੱਚ ਹਿੱਸਾ ਲੈਣ ਲਈ ਸਭ ਤੋਂ ਪਹਿਲਾਂ se.census.gov.in ਪੋਰਟਲ 'ਤੇ ਜਾਓ। ਆਪਣੇ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਚੋਣ ਕਰੋ ਅਤੇ ਕੈਪਚਾ ਕੋਡ ਦਰਜ ਕਰੋ।

**ਪਰਿਵਾਰ ਦਾ ਰਜਿਸਟ੍ਰੇਸ਼ਨ**

2. ਪਰਿਵਾਰ ਦੇ ਮੁਖੀਆ ਦਾ ਨਾਮ, ਮੋਬਾਈਲ ਨੰਬਰ, ਈ-ਮੇਲ ਆਈਡੀ (ਵਿਕਲਪਿਕ) ਦਰਜ ਕਰੋ।
   - ਪਰਿਵਾਰ ਦੇ ਮੁਖੀਆ ਦਾ ਨਾਮ ਬਾਅਦ ਵਿੱਚ ਬਦਲਿਆ ਨਹੀਂ ਜਾਵੇਗਾ।
   - ਹਰੇਕ ਪਰਿਵਾਰ ਲਈ ਸਿਰਫ਼ ਇੱਕ ਮੋਬਾਈਲ ਨੰਬਰ ਉਪਯੋਗ ਕੀਤਾ ਜਾ ਸਕਦਾ ਹੈ। ਇੱਕ ਵਾਰ ਰਜਿਸਟਰਡ ਹੋਣ ਤੋਂ ਬਾਅਦ ਉਹੀ ਮੋਬਾਈਲ ਨੰਬਰ ਕਿਸੇ ਹੋਰ ਪਰਿਵਾਰ ਲਈ ਉਪਯੋਗ ਨਹੀਂ ਕੀਤਾ ਜਾ ਸਕਦਾ।

### ਦੂਜਾ ਸੈਕਸ਼ਨ



**ਤਸਦੀਕ ਅਤੇ ਸਥਾਨ ਪਛਾਣ**

**ਭਾਸ਼ਾ ਚੋਣ ਅਤੇ ਓਟੀਪੀ ਤਸਦੀਕ**

3. ਆਪਣੀ ਪਸੰਦੀਦਾ ਭਾਸ਼ਾ ਦੀ ਚੋਣ ਕਰੋ ਅਤੇ ਰਜਿਸਟਰਡ ਮੋਬਾਈਲ ਨੰਬਰ 'ਤੇ ਪ੍ਰਾਪਤ ਓਟੀਪੀ ਦਰਜ ਕਰੋ।

**ਸਥਾਨ ਸਬੰਧੀ ਵੇਰਵੇ ਦਰਜ ਕਰੋ**

4. ਆਪਣੇ ਜ਼ਿਲ੍ਹੇ ਦੀ ਚੋਣ ਕਰੋ, ਪਿਨ ਕੋਡ ਦਰਜ ਕਰੋ, ਪਿੰਡ/ਸ਼ਹਿਰ/ਲੋਕੈਲਿਟੀ ਦੀ ਜਾਣਕਾਰੀ ਭਰੋ।

**ਮੈਪ 'ਤੇ ਆਪਣੇ ਨਿਵਾਸ ਨੂੰ ਸਥਾਨ ਚਿੰਨ੍ਹਿਤ ਕਰੋ**

5. ਮੈਪ 'ਤੇ ਲਾਲ ਮਾਰਕਰ ਨੂੰ ਖਿੱਚ ਕੇ (Drag ਕਰਕੇ) ਆਪਣੇ ਰਿਹਾਇਸ਼ੀ ਭਵਨ ਦੇ ਸਟੀਕ ਸਥਾਨ 'ਤੇ ਸਥਾਪਿਤ ਕਰੋ ਅਤੇ ਸਥਾਨ ਦੀ ਪੁਸ਼ਟੀ ਕਰੋ।

सਵੈ ਗਣਨਾ ਕਰਨ ਦੇ ਲਈ
QR ਕੋਡ ਸਕੈਨ ਕਰੋ।



## ਤੀਜਾ ਸੈਕਸ਼ਨ

### ਡੇਟਾ ਦਰਜ ਕਰਨਾ ਅਤੇ ਅੰਤਿਮ ਪੁਸ਼ਟੀ

**6 ਪ੍ਰਸ਼ਨਾਵਲੀ ਪੂਰੀ ਕਰੋ**

ਮਕਾਨ ਸੂਚੀਕਰਣ ਅਤੇ ਮਕਾਨਾਂ ਦੀ ਗਣਨਾ ਵਾਲੀ ਪ੍ਰਸ਼ਨਾਵਲੀ ਭਰੋ । ਪ੍ਰਸ਼ਨਾਂ ਨੂੰ ਸਮਝਣ ਵਿੱਚ ਸਹਾਇਤਾ ਲਈ ਟੂਲਟਿਪਸ (Tooltips), ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ (FAQs) ਅਤੇ ਜ਼ਰੂਰੀ ਜਾਣਕਾਰੀ ਉਪਲਬਧ ਹੈ।

**7 ਪ੍ਰੀਵਿਊ ਅਤੇ ਸਮੀਖਿਆ**

ਪ੍ਰੀਵਿਊ **(Preview)** ਸਕ੍ਰੀਨ ਦੀ ਵਰਤੋਂ ਕਰਕੇ ਦਰਜ ਕੀਤੀ ਗਈ ਸਾਰੀ ਜਾਣਕਾਰੀ ਦੀ ਜਾਂਚ ਕਰੋ। ਤੁਸੀਂ ਹੇਠ ਲਿਖੇ ਕੰਮ ਕਰ ਸਕਦੇ ਹੋ: ਡੇਟਾ ਦਰਜ ਕਰਨ ਵਿੱਚ ਸੋਧ ਲਈ ਵਾਪਸ ਜਾਓ, ਬਾਅਦ ਵਿੱਚ ਪੇਸ਼ ਕਰਨ ਲਈ ਡਰਾਫਟ ਦੇ ਰੂਪ ਵਿੱਚ ਸੇਵ ਕਰੋ ਜਾਂ ਪੁਸ਼ਟੀ ਕਰੋਅਤੇ ਸਬਮਿਟ ਕਰੋ।

**8 ਅੰਤਿਮ ਪੇਸ਼ਕਾਰੀ**

'ਪੁਸ਼ਟੀ ਕਰੋ ਅਤੇ ਸਬਮਿਟ ਕਰੋ' 'ਤੇ ਕਲਿੱਕ ਕਰਕੇ ਆਪਣੇ ਡੇਟਾ ਦੀ ਅੰਤਿਮ ਪੇਸ਼ਕਾਰੀ ਕਰੋ। ਅੰਤਿਮ ਪੇਸ਼ਕਾਰੀ ਤੋਂ ਬਾਅਦ ਕਿਸੇ ਵੀ ਕਿਸਮ ਦੀ ਸੋਧ ਸੰਭਵ ਨਹੀਂ ਹੋਵੇਗੀ।

**ਸਵੈ-ਗਣਨਾ ਪਛਾਣ ਸੰਖਿਆ (SE ID) ਦਾ ਨਿਰਮਾਣ:**

**ਸਫਲਤਾਪੂਰਵਕ ਫਾਰਮ ਸਬਮਿਟ ਕਰਨ 'ਤੇ 11 ਅੰਕਾਂ ਦੀ ਇੱਕ ਯੂਨਿਕ ਸੈਲਫ- ਐਨੂਮਰੇਸ਼ਨ ਆਈਡੀ (SE ID) ਜੈਨਰੇਟ ਹੋ ਜਾਂਦੀ ਹੈ, ਜੋ H ਅੱਖਰ ਤੋਂ ਸ਼ੁਰੂ ਹੁੰਦੀ ਹੈ। ਇਹ SMS ਅਤੇ ਈ-ਮੇਲ ਦੇ ਮਾਧਿਅਮ ਨਾਲ ਭੇਜੀ ਜਾਵੇਗੀ।**

## ਚੌਥਾ ਸੈਕਸ਼ਨ: ਖੇਤਰੀ ਤਸਦੀਕ



**9 ਗਣਨਾਕਾਰ ਦਾ ਦੌਰਾ**

ਜਦੋਂ ਜਨਗਣਨਾ ਗਣਨਾਕਾਰ (Enumerator) ਤੁਹਾਡੇ ਘਰ ਆਉਣ, ਤਾਂ ਉਨ੍ਹਾਂ ਦੀ ਪੁਸ਼ਟੀ ਕਰਨ ਲਈ ਆਪਣੀ (SE ID) ਸਾਂਝੀ ਕਰੋ।

**SE ID ਮਿਲਾਨ ਦਾ ਨਤੀਜਾ:**


**ਜੇਕਰ SE ID ਮੌਜੂਦਾ ਰਿਕਾਰਡ ਨਾਲ ਮੇਲ ਖਾਂਦੀ ਹੈ, ਤਾਂ ਤੁਹਾਡੀ ਜਾਣਕਾਰੀ ਦੀ ਪੁਸ਼ਟੀ ਕਰਕੇ ਉਸਨੂੰ ਸਵੀਕਾਰ ਕਰ ਲਿਆ ਜਾਵੇਗਾ। ਜੇਕਰ SE ID ਦਾ ਮਿਲਾਨ ਨਹੀਂ ਹੁੰਦਾ ਹੈ, ਤਾਂ ਗਣਨਾਕਾਰ ਤੁਹਾਡੇ ਤੋਂ ਪੁੱਛ ਕੇ ਨਵੀਂ ਜਾਣਕਾਰੀ ਭਰਨਗੇ।**



*ਜਾਤੀ ਜਨਗਣਨਾ ਦੇ ਇਸ ਫ਼ੈਸਲੇ ਨਾਲ ਆਰਥਿਕ ਅਤੇ ਸਮਾਜਿਕ ਤੌਰ 'ਤੇ ਪਿਛੜੇ ਸਾਰੇ ਵਰਗਾਂ ਦਾ ਸਸ਼ਕਤੀਕਰਣ ਹੋਵੇਗਾ, ਸਮਾਵੇਸ਼ ਨੂੰ ਹੁਲਾਰਾ ਮਿਲੇਗਾ ਅਤੇ ਇਹ ਵੰਚਿਤਾਂ ਦੀ ਤਰੱਕੀ ਦੇ ਨਵੇਂ ਰਾਹ ਪੱਧਰਾ ਕਰੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 2026 ਦੀ ਜਨਗਣਨਾ ਜਾਤੀ ਦੇ ਨਾਲ ਕਰਵਾਉਣ ਦਾ ਫ਼ੈਸਲਾ ਕੀਤਾ ਹੈ।*

***– ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ***

ਦੀ ਮੌਜੂਦਗੀ ਦੀ ਪੁਸ਼ਟੀ ਸਿਕੰਦਰ ਦੀ ਸੈਨਾ ਦੁਆਰਾ ਕੀਤੀ ਗਈ ਸੀ, ਜਿਸ ਨੇ 327-326 ਈ. ਪੂਰਵ ਵਿੱਚ ਭਾਰਤ 'ਤੇ ਹਮਲਾ ਕੀਤਾ ਸੀ। ਚੰਦਰਗੁਪਤ (321-297 ਈਸਾ ਪੂਰਵ) ਦੇ ਰਿਕਾਰਡਾਂ ਤੋਂ ਪਤਾ ਚਲਦਾ ਹੈ ਕਿ 7 ਲੱਖ ਪੁਰਸ਼ਾਂ ਦੀ ਇੱਕ ਸਥਾਈ ਸੈਨਾ ਸੀ, ਜਿਸ ਦੇ ਰੱਖ-ਰਖਾਅ ਦੇ ਲਈ ਲੋੜੀਂਦੀ ਜਨਸੰਖਿਆ ਦੀ ਜ਼ਰੂਰਤ ਰਹੀ ਹੋਵੇਗੀ। ਉਪਰੋਕਤ ਤੱਥਾਂ ਦੇ ਅਧਾਰ 'ਤੇ ਸੁਰੱਖਿਆਤਮਕ ਤੌਰ 'ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਈਸਾ ਯੁੱਗ ਤੋਂ ਪਹਿਲਾਂ ਭਾਰਤ ਵਿੱਚ ਕਾਫ਼ੀ ਜਨਸੰਖਿਆ ਸੀ।ਬਹੁਤ ਸ਼ੁਰੂਆਤੀ ਸਮੇਂ ਤੋਂ ਹੀ ਜਨਸੰਖਿਆ ਸਬੰਧੀ ਅੰਕੜੇ ਇਕੱਠੇ ਕਰਨ ਦੇ ਯਤਨ ਵੀ ਕੀਤੇ ਗਏ ਸਨ। ਤੀਜੀ ਸ਼ਤਾਬਦੀ ਈਸਾ ਪੂਰਵ ਵਿੱਚ ਮੌਰੀਆ ਕਾਲ ਦੇ ਰਾਜਨੀਤਿਕ ਪ੍ਰਸ਼ਾਸਨ ਦੀਆਂ ਸਭ ਤੋਂ ਮਹਾਨ ਪ੍ਰਤਿਭਾਸ਼ਾਲੀ ਸ਼ਖਸੀਅਤਾਂ ਵਿੱਚੋਂ ਇੱਕ ਕੋਟਿਲਯ ਦੁਆਰਾ ਵਿਕਸਿਤ ਪ੍ਰਸਿੱਧ 'ਅਰਥਸ਼ਾਸਤਰ' ਯਾਨੀ ਪ੍ਰਸ਼ਾਸਨ ਦੇ ਸਿਧਾਂਤ ਵਿੱਚ, ਟੈਕਸ ਦੇ ਉਦੇਸ਼ ਦੇ ਲਈ ਜਨਸੰਖਿਆ ਦੇ ਅੰਕੜਿਆਂ ਦਾ ਸੰਗ੍ਰਹਿ ਰਾਜ ਦੀ ਨੀਤੀ ਦੇ ਮਾਪਦੰਡ ਦੇ ਰੂਪ ਵਿੱਚ ਨਿਰਧਾਰਿਤ ਕੀਤਾ ਗਿਆ ਸੀ। ਇਸ ਵਿੱਚ ਜਨਸੰਖਿਆ ਦੀ ਗਣਨਾ, ਆਰਥਿਕ ਅਤੇ ਖੇਤੀਬਾੜੀ ਨਾਲ ਸਬੰਧਿਤ ਜਨਗਣਨਾ ਕਰਨ ਦੇ ਤਰੀਕਿਆਂ ਦਾ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ। ਕਾਲ ਵਿੱਚ ਕੁਸ਼ਲ ਪ੍ਰਸ਼ਾਸਨ ਦੁਆਰਾ ਪਛਾਣਿਆ ਗਿਆ ਸੀ, ਉਸ ਨੂੰ ਮੱਧਕਾਲੀ ਯੁੱਗ ਦੌਰਾਨ ਅਣਗੌਲਿਆ ਕੀਤਾ ਗਿਆ ਸੀ ਜਦੋਂ ਦੇਸ਼ ਦਾ ਇਤਿਹਾਸ ਵੀ ਕੁਝ ਹੱਦ ਤੱਕ ਅਸਥਿਰ ਸੀ। ਲੇਕਿਨ ਫਿਰ ਤੋਂ ਆਧੁਨਿਕ ਰੂਪ ਵਿੱਚ ਸਰਕਾਰੀ ਵਿਧੀ ਦੇ ਵਿਕਸਿਤ ਹੋਣ





## ਦੁਨੀਆ ਦੀ ਸਭ ਤੋਂ ਵੱਡੀ ਜਨਗਣਨਾ 2027......

# ਵਿਕਸਿਤ ਭਾਰਤ ਦੀ ਤਿਆਰੀ



### ਜਨਗਣਨਾ ਦਾ ਖਰਚ

ਜਨਗਣਨਾ ਦੀ ਗਤੀ ਵਿਧੀ ਸੰਘ ਸੂਚੀ 246 ਅਤੇ ਜਨਗਣਨਾ ਐਕਟ 1948 ਦੇ ਅਧੀਨ ਸੰਚਾਲਿਤ ਕੀਤੀ ਜਾਂਦੀ ਹੈ।

**11,718.24 ਕਰੋੜ**

ਰੁਪਏ ਦੀ ਪ੍ਰਵਾਨਗੀ ਦਿੱਤੀ ਹੈ ਭਾਰਤ ਸਰਕਾਰ ਨੇ ਜਨਗਣਨਾ 2027 ਦੇ ਲਈ।



ਜਿਸ ਵਿੱਚ ਗਣਨਾਕਾਰਾਂ ਦਾ ਮਾਣਭੱਤਾ, ਟ੍ਰੇਨਿੰਗ, ਆਈਟੀ ਇਨਫ੍ਰਾਸਟ੍ਰਕਚਰ, ਲੌਜਿਸਟਿਕਸ ਆਦਿ ਦੇ ਖਰਚੇ ਸ਼ਾਮਲ ਹਨ। ਕਿਉਂਕਿ ਜਨਗਣਨਾ ਸੰਘ ਸੂਚੀ ਦਾ ਵਿਸ਼ਾ ਹੈ ਇਸ ਲਈ ਇਹ ਸਾਰੀ ਰਾਸ਼ੀ ਕੇਂਦਰ ਸਰਕਾਰ ਖਰਚ ਕਰਦੀ ਹੈ। ਰਾਜ ਸਰਕਾਰਾਂ ਦੀ ਜਨਗਣਨਾ ਮਸ਼ੀਨਰੀ ਇਸ ਵਿੱਚ ਸਹਿਯੋਗ ਕਰਦੀ ਹੈ।

### ਪ੍ਰਸ਼ਾਸਨਿਕ ਇਕਾਈਆਂ ਫ੍ਰੀਜ਼ ਕੀਤੀਆਂ ਗਈਆਂ

- ਜਨਗਣਨਾ ਦੀ ਤਿਆਰੀ ਵਿੱਚ ਇਸ ਗੱਲ'ਤੇ ਜ਼ੋਰ ਦਿੱਤਾ ਗਿਆ ਹੈ ਕਿ ਪ੍ਰਸ਼ਾਸਨਿਕ ਇਕਾਈਆਂ- ਵਿੱਚ ਵਾਰ-ਵਾਰ ਬਦਲਾਅ ਨਾ ਹੋਵੇ। ਇਸ ਦੇ ਲਈ 1 ਜਨਵਰੀ 2026 ਤੋਂ 31 ਮਾਰਚ 2027 ਤੱਕ ਸਾਰੀਆਂ ਪ੍ਰਸ਼ਾਸਨਿਕ ਇਕਾਈਆਂ ਨੂੰ ਸਥਿਰ ਯਾਨੀ ਫ੍ਰੀਜ਼ ਕਰ ਦਿੱਤਾ ਗਿਆ ਹੈ।
- ਫੇਜ਼- ਇੱਕ ਲਈ ਨਵੰਬਰ 2025 ਵਿੱਚ ਹੀ ਪ੍ਰੀ-ਟੈਸਟ ਕਰ ਲਏ ਗਏ।

**ਤਿਆਰੀ ਦੀ ਦ੍ਰਿਸ਼ਟੀ ਪੱਖੋਂ**

**ਜਨਵਰੀ, 2026**

ਵਿੱਚ ਰਾਜਾਂ ਦੇ ਮੁੱਖ ਸਕੱਤਰਾਂ, ਸਟੇਟ ਨੋਡਲ ਅਫਸਰਾਂ ਅਤੇ ਜਨਗਣਨਾ ਆਪ੍ਰੇਸ਼ਨ ਡਾਇਰੈਕਟਰ ਦੀ ਕਾਨਫਰੰਸ ਆਯੋਜਿਤ ਕੀਤੀ ਗਈ।





- ਪਹਿਲੇ ਪੜਾਅ ਦੇ ਲਈ ਨਿਰਦੇਸ਼ਿਕਾ ਮੈਨੂਅਲ 19 ਭਾਸ਼ਾਵਾਂ ਵਿੱਚ ਤਿਆਰ ਕੀਤਾ ਗਿਆ ਹੈ।
- ਇਕਸਾਰਤਾ ਅਤੇ ਅਸਾਨੀ ਨਾਲ ਕੰਮ ਕਰਨ ਲਈ ਰਾਸ਼ਟਰੀ ਪੱਧਰ 'ਤੇ ਤਰੀਕੇ ਅਤੇ ਦਿਸ਼ਾ-ਨਿਰਦੇਸ਼ਾਂ ਦੇ ਸਰਕੂਲਰ ਜਾਰੀ ਕੀਤੇ ਗਏ ਹਨ
- ਜਨਗਣਨਾ ਦੇ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਪੂਰੇ ਪ੍ਰੋਗਰਾਮ ਦਾ ਕੈਲੰਡਰ ਬਣਾਇਆ ਗਿਆ ਹੈ, ਜਿਨ੍ਹਾਂ ਦੀ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ।

**ਜਨਗਣਨਾ ਐਕਟ, 1948 ਦੇ ਅਧੀਨ ਇਕੱਠੇ ਕੀਤੇ ਗਏ ਸਾਰੇ ਅੰਕੜੇ ਪੂਰੀ ਤਰ੍ਹਾਂ ਗੁਪਤ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦੀ ਵਰਤੋਂ ਸਿਰਫ ਅੰਕੜਾ ਵਿਗਿਆਨਿਕ ਉਦੇਸ਼ਾਂ ਅਤੇ ਵਿਕਾਸ ਯੋਜਨਾ ਦੇ ਨਿਰਮਾਣ ਲਈ ਕੀਤੀ ਜਾਂਦੀ ਹੈ। ਜਨਗਣਨਾ ਮਸ਼ੀਨਰੀ ਨੇ ਸਾਰੇ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਮਕਾਨ ਸੂਚੀਕਰਣ ਕਾਰਜ ਦੌਰਾਨ ਗਣਨਾਕਾਰਾਂ ਨੂੰ ਪੂਰਾ ਸਹਿਯੋਗ ਪ੍ਰਦਾਨ ਕਰਨ। ਇਸ ਮਹੱਤਵਪੂਰਨ ਰਾਸ਼ਟਰੀ ਅਭਿਆਨ ਵਿੱਚ ਸਰਗਰਮ ਭਾਗੀਦਾਰੀ ਨਿਭਾਉਣ।**

ਦੇ ਨਾਲ ਜਨਸੰਖਿਆ ਦੇ ਅਸਲ ਅੰਕੜਿਆਂ ਦੀ ਜ਼ਰੂਰਤ ਮਹਿਸੂਸ ਕੀਤੀ ਗਈ। ਸੰਪੂਰਨ ਭਾਰਤ ਵਿੱਚ ਇੱਕ ਸਮਾਨ ਅਧਾਰ 'ਤੇ ਪਹਿਲੀ ਪੂਰਨ ਜਨਸੰਖਿਆ ਸਾਲ 1881 ਵਿੱਚ ਆਯੋਜਿਤ ਕੀਤੀ ਗਈ ਸੀ। ਉਸ ਤੋਂ ਬਾਅਦ ਹਰ 10 ਵਰ੍ਹਿਆਂ ਦੇ ਬਾਅਦ ਨਿਯਮਿਤ ਰੂਪ ਨਾਲ ਜਨਗਣਨਾ ਕੀਤੀ ਜਾ ਰਹੀ ਹੈ। 1901 ਦੇ ਵਰਗੀਕਰਣ ਵਿੱਚ ਜਾਤੀ ਅਤੇ ਕਾਰੋਬਾਰਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਵੀ ਕੀਤਾ ਗਿਆ ਸੀ।

ਆਜ਼ਾਦੀ ਤੋਂ ਬਾਅਦ 1951 ਵਿੱਚ ਪਹਿਲੀ ਜਨਗਣਨਾ ਮੁਕੰਮਲ ਕੀਤੀ ਗਈ ਸੀ। ਇਸ ਜਨਗਣਨਾ ਦੀ ਰਿਪੋਰਟ ਪਿਛਲੀਆਂ ਜਨਗਣਨਾ ਰਿਪੋਰਟਾਂ ਦੇ ਪੈਟਰਨ ਤੋਂ ਪੂਰੀ ਤਰ੍ਹਾਂ ਵੱਖਰੀ ਸੀ। ਇਸ ਰਿਪੋਰਟ ਵਿੱਚ

ਲਗਭਗ **6.40** ਲੱਖ ਪਿੰਡਾਂ ਵਿੱਚ ਜਨਗਣਨਾ

**ਜਨਗਣਨਾ 2027 ਦਾ ਸੰਚਾਲਨ**

**36** ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ

**7,092** ਉਪ-ਜ਼ਿਲ੍ਹੇ

**5,128** ਸਟੈਚੂਰੀ ਟਾਊਨ ਯਾਨੀ ਵਿਧਾਨਕ ਸ਼ਹਿਰ

**4,580** ਜਨਗਣਨਾ ਕਸਬੇ।

ਲਗਭਗ **6,39,902** ਪਿੰਡਾਂ ਵਿੱਚ ਕੀਤਾ ਜਾਵੇਗਾ ਜਨਗਣਨਾ 2027 ਦਾ ਸੰਚਾਲਨ



**80** ਹਜ਼ਾਰ ਬੈਚਾਂ ਵਿੱਚ ਟ੍ਰੇਨਿੰਗ

*ਵਿਸ਼ਵ ਦੀ ਸਭ ਤੋਂ ਵੱਡੀ ਡਿਜੀਟਲ ਜਨਗਣਨਾ ਦੇ ਕਾਰਜ ਲਈ ਨਿਯੁਕਤ ਸਾਰੇ ਫੀਲਡ ਕਰਮਚਾਰੀਆਂ, ਜਿਸ ਵਿੱਚ ਗਣਨਾਕਾਰ ਅਤੇ ਸੁਪਰਵਾਈਜ਼ਰ ਸ਼ਾਮਲ ਹਨ, ਨੂੰ ਦਿੱਤੀ ਜਾ ਰਹੀ ਹੈ ਲੋੜੀਂਦੀ ਟ੍ਰੇਨਿੰਗ।*



**100** ਰਾਸ਼ਟਰੀ ਟ੍ਰੇਨਰਾਂ ਨੂੰ ਵਿਸ਼ਾ ਮਾਹਿਰਾਂ ਦੁਆਰਾ ਟ੍ਰੇਂਡ ਕੀਤਾ ਗਿਆ ਹੈ।

ਇਨ੍ਹਾਂ ਰਾਸ਼ਟਰੀ ਟ੍ਰੇਨਰਾਂ ਨੇ ਲਗਭਗ **2,000** ਮਾਸਟਰ ਟ੍ਰੇਨਰਾਂ ਨੂੰ ਟ੍ਰੇਂਡ ਕੀਤਾ ਹੈ।

ਇਹ ਮਾਸਟਰ ਟ੍ਰੇਨਰ ਲਗਭਗ **45,000** ਫੀਲਡ ਟ੍ਰੇਨਰਾਂ ਨੂੰ ਟ੍ਰੇਂਡ ਕਰ ਰਹੇ ਹਨ।

**ਇਹ ਫੀਲਡ ਟ੍ਰੇਨਰ ਦੇ ਰਹੇ ਹਨ ਟ੍ਰੇਨਿੰਗ**

- ਲਗਭਗ **80,000** ਬੈਚਾਂ ਵਿਚ
- ਲਗਭਗ **31** ਲੱਖ ਗਣਨਾਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਟ੍ਰੇਨਿੰਗ ਦੇ ਰਹੇ ਹਨ।

ਸਾਰੀ ਟ੍ਰੇਨਿੰਗ ਸਮੱਗਰੀ ਖੇਤਰੀ ਭਾਸ਼ਾਵਾਂ ਵਿੱਚ ਤਿਆਰ ਕੀਤੀ ਗਈ ਹੈ ਤਾਂ ਜੋ ਅੰਤਿਮ ਪੱਧਰ ‘ਤੇ ਕੰਮ ਕਰ ਰਹੇ ਗਣਨਾਕਾਰ ਅਤੇ ਸੁਪਰਵਾਈਜ਼ਰ ਸਮੇਂ ਸਿਰ ਗੁਣਵੱਤਾਪੂਰਨ ਡੇਟਾ ਇਕੱਠਾ ਕਰ ਸਕਣ।

ਭਾਰਤ ਦੀ ਜਨਸੰਖਿਆ ਦੇ ਆਕਾਰ ਅਤੇ ਬਣਤਰ ਵਿੱਚ ਪਿਛਲੇ ਪਰਿਵਰਤਨਾਂ ਦੀ ਵਿਆਖਿਆ ਕਰਨ ਅਤੇ ਜਨਸੰਖਿਆ ਦੇ ਜੀਵਨ ਪੱਧਰ ਅਤੇ ਉਨ੍ਹਾਂ ਦੇ ਮਹੱਤਵ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ ਗਿਆ। ਰਿਪੋਰਟ ਵਿੱਚ ਦੇਸ਼ ਦੀ ਜਨਮ ਦਰ ਵਿੱਚ ਕਮੀ ਲਈ ਇੱਕ ਦਲੀਲ ਵੀ ਦਿੱਤੀ ਗਈ ਸੀ। ਵਰ੍ਹੇ 1951 ਵਿੱਚ ਜਨਗਣਨਾ ਨੇ ਭਾਰਤੀ ਜਨਗਣਨਾ ਇਤਿਹਾਸ ਵਿੱਚ ਪਹਿਲੀ ਵਾਰ ਫੀਲਡ ਵਿੱਚ ਮੁੜ-ਜਾਂਚ ਰਾਹੀਂ ਜਨਸੰਖਿਆ ਦੀ ਗਣਨਾ ਦੀ ਸ਼ੁੱਧਤਾ ਦਾ ਮੁਲਾਂਕਣ ਕਰਨ ਦਾ ਵੀ ਯਤਨ ਕੀਤਾ। 1971 ਤੋਂ ਬਾਅਦ 2011 ਤੱਕ ਹਰ 10 ਵਰ੍ਹਿਆਂ ਦੇ ਅੰਤਰਾਲ ਵਿੱਚ ਚਾਰ ਜਨਗਣਨਾਵਾਂ ਕੀਤੀਆਂ ਗਈਆਂ ਹਨ। ਵਰਤਮਾਨ ਵਿੱਚ ਚਲ ਰਹੀ ਜਨਗਣਨਾ ਤੋਂ ਪਹਿਲਾਂ 2011 ਵਿੱਚ ਜਨਗਣਨਾ ਹੋਈ ਸੀ। ਵਰ੍ਹੇ 2021 ਵਿੱਚ ਦੇਸ਼ ਜਨਗਣਨਾ ਲਈ ਤਿਆਰ ਸੀ। ਵਰ੍ਹੇ 1872 ਤੋਂ ਨਿਰਵਿਘਨ ਦਹਾਕਾ ਜਨਗਣਨਾ ਦੀ ਲੜੀ ਕ੍ਰਮਵਾਰ ਵਿੱਚ ਭਾਰਤ ਦੀ 16ਵੀਂ ਜਨਗਣਨਾ ਨੂੰ 'ਡਿਜੀਟਲ ਜਨਗਣਨਾ' ਦੇ ਰੂਪ ਵਿੱਚ ਸ਼ੁਰੂ ਕਰਨ ਦੇ ਲਈ ਗਣਨਾਕਾਰ ਅਤੇ ਸੁਪਰਵਾਈਜ਼ਰ ਟ੍ਰੇਨਿੰਗ ਕਲਾਸਾਂ ਲਈ ਉਤਸ਼ਾਹਿਤ ਸਨ। ਪਰ ਜਨਗਣਨਾ ਅਭਿਆਨ ਸ਼ੁਰੂ ਹੋਣ ਤੋਂ ਠੀਕ ਇੱਕ ਹਫ਼ਤਾ ਪਹਿਲਾਂ, ਸਦੀ ਦੀ ਵਿਨਾਸ਼ਕਾਰੀ ਕੋਵਿਡ-19 ਮਹਾਮਾਰੀ ਨੇ ਭਾਰਤ ਸਰਕਾਰ ਨੂੰ ਦੇਸ਼-ਵਿਆਪੀ ਲੌਕਡਾਊਨ ਦਾ ਐਲਾਨ ਕਰਨ ਦੇ ਲਈ ਮਜ਼ਬੂਰ ਕਰ ਦਿੱਤਾ। ਜਿਸ ਨਾਲ ਜਨਗਣਨਾ ਵਰ੍ਹੇ 2021 ਨੂੰ

ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਲਈ ਮਜ਼ਬੂਰ ਹੋਣਾ ਪਿਆ। ਹੁਣ ਭਾਰਤ ਜਨਗਣਨਾ 2027 ਦੇ ਮਾਧਿਅਮ ਨਾਲ 'ਵਿਕਸਿਤ ਭਾਰਤ' ਦੇ ਸੰਕਲਪ ਦੀ ਸਿੱਧੀ ਵੱਲ ਅੱਗੇ ਵਧ ਰਿਹਾ ਹੈ।

## ਡਿਜੀਟਲ ਜਨਗਣਨਾ
## ਤਕਨੀਕੀ ਕ੍ਰਾਂਤੀ ਦਾ ਪ੍ਰਤੀਕ

ਉਪਨਿਸ਼ਦ ਵਿੱਚ "तमसोमाज्योतिर्गमय, मृत्योर्मामृतंगमय" ਦੀ ਪ੍ਰਾਰਥਨਾ ਕੀਤੀ ਗਈ ਹੈ। ਯਾਨੀ, ਅਸੀਂ ਹਨ੍ਹੇਰੇ ਤੋਂ ਪ੍ਰਕਾਸ਼ ਵੱਲ ਵਧੀਏ। ਮੌਤ ਤੋਂ ਅਤੇ ਪਰੇਸ਼ਾਨੀਆਂ ਤੋਂ ਅੰਮ੍ਰਿਤ ਵੱਲ ਵਧੀਏ। ਅੰਮ੍ਰਿਤ ਅਤੇ ਅਮਰਤਾ ਦਾ ਰਸਤਾ ਬਿਨਾ ਗਿਆਨ ਦੇ ਪ੍ਰਕਾਸ਼ਿਤ ਨਹੀਂ ਹੁੰਦਾ। ਇਸ ਲਈ, ਅੰਮ੍ਰਿਤ ਕਾਲ ਦਾ ਇਹ ਸਮਾਂ ਗਿਆਨ, ਖੋਜ ਅਤੇ ਇਨੋਵੇਸ਼ਨ ਦਾ ਸਮਾਂ ਹੈ। ਇੱਕ ਅਜਿਹਾ ਭਾਰਤ ਬਣਾਉਣਾ ਹੈ ਜਿਸ ਦੀਆਂ ਜੜ੍ਹਾਂ ਪ੍ਰਾਚੀਨ ਪਰੰਪਰਾਵਾਂ ਅਤੇ ਵਿਰਾਸਤ ਨਾਲ ਜੁੜੀਆਂ ਹੋਣਗੀਆਂ, ਜਿਸ ਦਾ ਵਿਸਥਾਰ ਆਧੁਨਿਕਤਾ ਦੇ ਅਸਮਾਨ ਵਿੱਚ ਅਨੰਤ ਤੱਕ ਹੋਵੇਗਾ। ਆਪਣੀ ਸੰਸਕ੍ਰਿਤੀ, ਆਪਣੀ ਸੱਭਿਅਤਾ ਅਤੇ ਆਪਣੇ ਸੰਸਕਾਰਾਂ ਨੂੰ ਜਿਉਂਦਾ ਰੱਖਣਾ ਹੈ, ਆਪਣੀ ਅਧਿਆਤਮਿਕਤਾ ਨੂੰ ਅਤੇ ਆਪਣੀ ਵਿਭਿੰਨਤਾ ਨੂੰ ਸੁਰੱਖਿਅਤ ਅਤੇ ਪ੍ਰਫੁੱਲਤ ਕਰਨਾ ਹੈ।ਇਸ ਦੇ ਨਾਲ ਹੀ ਤਕਨੀਕ, ਇਨਫ੍ਰਾਸਟ੍ਰਕਚਰ, ਸਿੱਖਿਆ ਅਤੇ ਸਿਹਤ ਦੀਆਂ ਵਿਵਸਥਾਵਾਂ ਨੂੰ ਲਗਾਤਾਰ ਆਧੁਨਿਕ ਵੀ ਬਣਾਉਣਾ ਹੈ। ਬੀਤੇ 12 ਵਰ੍ਹਿਆਂ ਵਿੱਚ ਇਸੇ ਸੋਚ ਨੂੰ ਸਾਕਾਰ ਕਰਦੀ ਆਈ ਕੇਂਦਰ ਸਰਕਾਰ ਨੇ ਜਨਗਣਨਾ 2027 ਨੂੰ ਭਾਰਤ ਦੀ ਪਹਿਲੀ ਪੂਰਨ ਤੌਰ 'ਤੇ ਡਿਜੀਟਲ ਜਨਗਣਨਾ ਦੇ ਰੂਪ ਵਿੱਚ ਇੱਕ ਕ੍ਰਾਂਤੀਕਾਰੀ ਸਰੂਪ ਦਿੱਤਾ ਹੈ। ਇਸ ਦਾ ਉਦੇਸ਼ ਸਹੀ ਯੋਜਨਾ ਬਣਾਉਣਾ ਅਤੇ ਟੀਚੇ 'ਤੇ ਕੇਂਦ੍ਰਿਤ ਕੰਮ ਕਰਨਾ ਹੈ। ਜਨਗਣਨਾ 2027 ਨੂੰ ਕਈ ਪੱਖਾਂ ਤੋਂ ਇਤਿਹਾਸਕ ਮੰਨਿਆ ਜਾ ਰਿਹਾ ਹੈ। ਇਸ ਵਿੱਚ ਤਕਨੀਕੀ ਇਨੋਵੇਸ਼ਨ, ਡਿਜੀਟਲ ਡੇਟਾ ਇਕੱਠਾ ਕਰਨ ਅਤੇ ਵਧੇਰੇ ਸਟੀਕਤਾ ਨਾਲ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ, ਤਾਂ ਜੋ ਡਾਟਾ ਇਕੱਠਾ ਕਰਨਾ ਤੇਜ਼, ਪਾਰਦਰਸ਼ੀ ਅਤੇ ਗਲਤੀ ਰਹਿਤ ਹੋ ਸਕੇ। ਮੋਬਾਈਲ ਐਪ, ਔਨਲਾਈਨ ਫਾਰਮ ਅਤੇ ਰੀਅਲ-ਟਾਈਮ ਡੇਟਾ ਪ੍ਰੋਸੈਸਿੰਗ ਜਿਹੀਆਂ ਸੁਵਿਧਾਵਾਂ ਇਸ ਨੂੰ ਆਧੁਨਿਕ ਸਰੂਪ ਪ੍ਰਦਾਨ ਕਰ ਰਹੀਆਂ ਹਨ। ਹੁਣ ਗਣਨਾ ਸਿਰਫ਼ ਕਾਗਜ਼ਾਂ ਤੱਕ ਸੀਮਤ ਨਹੀਂ ਰਹੇਗੀ, ਸਗੋਂ ਡਿਜੀਟਲ ਮਾਧਿਅਮ ਨਾਲ ਹਰ ਜਾਣਕਾਰੀ ਸੁਰੱਖਿਅਤ ਅਤੇ ਤੁਰੰਤ ਤੌਰ 'ਤੇ ਉਪਲਬਧ ਹੋਵੇਗੀ। ਇਸ ਨਾਲ ਨਾ ਸਿਰਫ਼ ਸਮੇਂ ਦੀ ਬੱਚਤ ਹੋਵੇਗੀ, ਸਗੋਂ ਪਾਰਦਰਸ਼ਿਤਾ ਅਤੇ

# ਜਾਤੀਗਤ ਜਨਗਣਨਾ ਨਾਲ ਸਮਾਵੇਸ਼ੀ ਵਿਕਾਸ ਹੋਵੇਗਾ ਯਕੀਨੀ

*ਜਾਤੀਗਤ ਜਨਗਣਨਾ ਸਮਾਜਿਕ ਨਿਆਂ ਅਤੇ ਨੀਤੀਗਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ'ਤੇ ਲਾਗੂ ਕਰਨ ਦੀ ਦ੍ਰਿਸ਼ਟੀ ਨਾਲ ਮਹੱਤਵਪੂਰਨ ਹੈ। ਇਸ ਨਾਲ ਨਾ ਸਿਰਫ਼ ਅਸਲ ਸਮਾਜਿਕ-ਆਰਥਿਕ ਸਥਿਤੀ ਨੂੰ ਸਮਝਣ ਵਿੱਚ ਮਦਦ ਮਿਲੇਗੀ ਸਗੋਂ ਇਸ ਨਾਲ ਸਮਾਵੇਸ਼ੀ ਵਿਕਾਸ ਵੀ ਯਕੀਨੀ ਹੋਵੇਗਾ। ਨਾਲ ਹੀ, ਬਰਾਬਰ ਮੌਕਿਆਂ ਦੀ ਦਿਸ਼ਾ ਵਿੱਚ ਚੁੱਕੇ ਜਾ ਸਕਣਗੇ ਠੋਸ ਕਦਮ...*

**30 ਅਪ੍ਰੈਲ 2025**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਦੀ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਨੇ ਆਗਾਮੀ ਜਨਗਣਨਾ ਵਿੱਚ ਜਾਤੀ ਅਧਾਰਿਤ ਗਣਨਾ ਸ਼ਾਮਲ ਕਰਨ ਦਾ ਫੈਸਲਾ ਲਿਆ।

**16 ਜੂਨ 2025**
ਗ੍ਰਹਿ ਮੰਤਰਾਲੇ ਨੇ ਅਧਿਕਾਰਤ ਤੌਰ 'ਤੇ 2027 ਦੀ ਜਨਗਣਨਾ ਦੀ ਨੋਟੀਫਿਕੇਸ਼ਨ ਜਾਰੀ ਕੀਤੀ।

- ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਵਰ੍ਹੇ 2027 ਦੀ ਜਨਗਣਨਾ ਵਿੱਚ ਸਾਰੇ ਭਾਈਚਾਰਿਆਂ ਦੀ ਜਾਤੀ ਨੂੰ ਗਣਨਾ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ।
- ਸਮਾਜਿਕ ਇਕਸਾਰਤਾ ਦੀ ਰੱਖਿਆ ਦੇ ਲਈ, ਜਾਤੀ ਗਣਨਾ ਨੂੰ ਵੱਖਰੇ ਸਰਵੇਖਣ ਦੀ ਬਜਾਏ ਮੁੱਖ ਜਨਗਣਨਾ ਵਿੱਚ ਹੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ।
- ਪਰਿਵਾਰ ਦੇ ਹਰੇਕ ਮੈਂਬਰ ਦੀ ਜਾਤੀ ਨਾਲ ਸਬੰਧਿਤ ਜਾਣਕਾਰੀ ਆਖਰੀ ਵਾਰ 1931 ਵਿੱਚ ਵਿਸਤ੍ਰਿਤ ਤੌਰ 'ਤੇ ਇਕੱਠੀ ਅਤੇ ਪ੍ਰਕਾਸ਼ਿਤ ਕੀਤੀ ਗਈ ਸੀ।

**ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ (ਐੱਸਈਸੀਸੀ (SECC) 2011 ਤੋਂ ਬਾਅਦ, ਜਾਤੀ ਨਾਲ ਸਬੰਧਿਤ ਅੰਕੜਿਆਂ ਨੂੰ ਛੱਡ ਕੇ ਬਾਕੀ ਸਾਰੇ ਅੰਕੜੇ ਪ੍ਰਕਾਸ਼ਿਤ ਕੀਤੇ ਗਏ ਸਨ।**













*ਸਮਾਜਿਕ ਨਿਆਂ ਲਈ ਸੰਕਲਪਬੱਧ ਮੋਦੀ ਸਰਕਾਰ ਨੇ ਇੱਕ ਇਤਿਹਾਸਕ ਫੈਸਲਾ ਲਿਆ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ 31ਅਪ੍ਰੈਲ 2025 ਨੂੰ ਹੋਈ CCPA ਦੀ ਮੀਟਿੰਗ ਵਿੱਚ, ਆਉਣ ਵਾਲੀ ਜਨਗਣਨਾ ਵਿੱਚ ਜਾਤੀ ਅਧਾਰਿਤ ਗਣਨਾ ਨੂੰ ਸ਼ਾਮਲ ਕਰਨ ਦਾ ਫੈਸਲਾ ਲੈ ਕੇ ਸਮਾਜਿਕ ਸਮਾਨਤਾ ਅਤੇ ਹਰ ਵਰਗ ਦੇ ਅਧਿਕਾਰਾਂ ਪ੍ਰਤੀ ਮਜ਼ਬੂਤ ਵਚਨਬੱਧਤਾ ਦਾ ਸੰਦੇਸ਼ ਦਿੱਤਾ ਗਿਆ ਹੈ।*

***– ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ***

ਭਰੋਸੇਯੋਗਤਾ ਵੀ ਯਕੀਨੀ ਹੋਵੇਗੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ ਸ਼ਾਸਨ ਨੂੰ "ਡੇਟਾ-ਡ੍ਰਿਵੇਨ ਗਵਰਨੈਂਸ"ਦੀ ਦਿਸ਼ਾ ਵਿੱਚ ਅੱਗੇ ਵਧਾਇਆ ਹੈ। "ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ" ਅਤੇ "ਮਿਨੀਮਮ ਗਵਰਨਮੈਂਟ-ਮੈਕਸੀਮਮ ਗਵਰਨੈਂਸ" ਦੀ ਭਾਵਨਾ ਨੂੰ ਸਾਕਾਰ ਕਰਨ ਦੇ ਲਈ ਸਹੀ ਅਤੇ ਪ੍ਰਮਾਣਿਕ ਡੇਟਾ ਹੋਣਾ ਜ਼ਰੂਰੀ ਹੈ। ਇਹ ਸਿਰਫ਼ ਇੱਕ ਨਾਅਰਾ ਹੀ ਨਹੀਂ, ਸਗੋਂ ਨੀਤੀ ਨਿਰਮਾਣ ਦਾ ਅਧਾਰ ਬਣ ਚੁੱਕਿਆ ਹੈ। ਜਨਗਣਨਾ 2027 ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਸਰਕਾਰ ਨੂੰ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਕਿਹੜੇ ਖੇਤਰਾਂ ਵਿੱਚ ਵਿਕਾਸ ਹੋਇਆ ਹੈ ਅਤੇ ਕਿਹੜੇ ਖੇਤਰਾਂ ਵਿੱਚ ਅਜੇ ਵੀ ਕੋਸ਼ਿਸ਼ਾਂ ਦੀ ਜ਼ਰੂਰਤ ਹੈ।

2011 ਤੋਂ ਬਾਅਦ ਇੱਕ ਲੰਬੇ ਅੰਤਰਾਲ ਤੋਂ ਬਾਅਦ ਹੋਣ

ਵਾਲੀ ਜਨਗਣਨਾ 2027 ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਇਹ ਸਿਰਫ਼ ਸਮੇਂ ਦਾ ਅੰਤਰ ਹੀ ਨਹੀਂ ਭਰਦੀ, ਸਗੋਂ ਇੱਕ ਨਵੇਂ ਭਾਰਤ ਦੀ ਝਲਕ ਪੇਸ਼ ਕਰਦੀ ਹੈ। ਇੱਕ ਅਜਿਹਾ ਭਾਰਤ ਜੋ ਆਤਮ-ਨਿਰਭਰ, ਸ਼ਕਤੀਸ਼ਾਲੀ ਅਤੇ ਡਿਜੀਟਲ ਯੁੱਗ ਵਿੱਚ ਮੋਹਰੀ ਬਣਨ ਵੱਲ ਵੱਧ ਰਿਹਾ ਹੈ। ਡੇਟਾ ਹੁਣ ਸਿਰਫ਼ ਅੰਕੜੇ ਨਹੀਂ ਰਹੇ, ਸਗੋਂ ਵਿਕਾਸ ਦੀ ਦਿਸ਼ਾ ਤੈਅ ਕਰਨ ਵਾਲੇ ਸੂਤਰ ਬਣ ਗਏ ਹਨ। ਇਸ ਲਈ ਡਿਜੀਟਲ ਕ੍ਰਾਂਤੀ ਅਤੇ ਜਨਗਣਨਾ ਦਾ ਨਵਾਂ ਸਰੂਪ "ਡਿਜੀਟਲ ਇੰਡੀਆ" ਦੇ ਯੁੱਗ ਵਿੱਚ ਜਨਗਣਨਾ 2027 ਇੱਕ ਤਕਨੀਕੀ ਕ੍ਰਾਂਤੀ ਦਾ ਪ੍ਰਤੀਕ ਬਣ ਕੇ ਉਭਰ ਰਹੀ ਹੈ। ਇਸ ਜਨਗਣਨਾ ਵਿੱਚ ਉਪਯੋਗ ਕੀਤੇ ਜਾ ਰਹੇ ਡਿਜੀਟਲ ਉਪਕਰਣ ਉੱਚ ਪੱਧਰੀ ਡੇਟਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਮਜ਼ਬੂਤ ਐਨਕ੍ਰਿਪਸ਼ਨ ਅਤੇ ਬਹੁ-ਪੱਧਰੀ ਪ੍ਰਮਾਣਿਕਤਾ ਨਾਲ ਲੈਸ ਹਨ। ਪੂਰੀ ਜਨਗਣਨਾ ਪ੍ਰਕਿਰਿਆ ਨੂੰ ਅਸਲ ਸਮੇਂ ਦੇ ਅਧਾਰ 'ਤੇ ਪ੍ਰਬੰਧਿਤ ਅਤੇ ਨਿਗਰਾਨੀ ਕਰਨ ਦੇ ਲਈ ਇੱਕ ਸਮਰਪਿਤ ਪੋਰਟਲ ਸੈਂਸਸ ਮੈਨੇਜਮੈਂਟ ਐਂਡ ਮੌਨੀਟਰਿੰਗ ਸਿਸਟਮ (ਸੀਐੱਮਐੱਮਐੱਸ) ਡਿਵੈਲਪ ਕੀਤਾ ਗਿਆ ਹੈ। ਡੇਟਾ ਸੁਰੱਖਿਆ ਨੂੰ ਵੀ ਤਰਜੀਹ ਦਿੱਤੀ ਗਈ ਹੈ।

## ਸਮਾਜਿਕ ਸਦਭਾਵਨਾ
### ਪਹਿਲੀ ਵਾਰ ਜਾਤੀ ਜਨਗਣਨਾ

ਸੁਤੰਤਰ ਭਾਰਤ ਵਿੱਚ ਪਹਿਲੀ ਵਾਰ, 2027 ਦੀ ਜਨਗਣਨਾ ਵਿੱਚ ਸਾਰੇ ਭਾਈਚਾਰਿਆਂ ਦੀ ਜਾਤੀ ਗਣਨਾ ਸ਼ਾਮਲ ਹੋਵੇਗੀ। ਆਜ਼ਾਦੀ ਦੇ ਬਾਅਦ ਤੋਂ ਹੁਣ ਤੱਕ ਕੀਤੀਆਂ ਗਈਆਂ ਸਾਰੀਆਂ ਜਨਗਣਨਾਵਾਂ ਵਿੱਚੋਂ ਜਾਤੀ ਨੂੰ ਬਾਹਰ ਰੱਖਿਆ ਗਿਆ ਹੈ। ਕੁਝ ਰਾਜਾਂ ਨੇ ਵੱਖ-ਵੱਖ ਪਾਰਦਰਸ਼ਿਤਾ ਅਤੇ ਉਦੇਸ਼ਾਂ ਨਾਲ ਜਾਤੀ ਸਰਵੇਖਣ ਕੀਤੇ ਹਨ, ਜਿਸ ਨਾਲ ਰਾਜਨੀਤੀਕਰਣ ਦੀਆਂ ਚਿੰਤਾਵਾਂ ਵਧ ਰਹੀਆਂ ਹਨ। ਇਸ ਲਈ ਸਮਾਜਿਕ ਸਦਭਾਵਨਾ ਦੀ ਰੱਖਿਆ ਲਈ, ਜਾਤੀ ਗਣਨਾ ਨੂੰ ਵੱਖਰੇ ਸਰਵੇਖਣ ਦੀ ਬਜਾਏ ਮੁੱਖ ਜਨਗਣਨਾ ਵਿੱਚ ਹੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ ਹੈ। ਸਾਰੇ ਭਾਈਚਾਰਿਆਂ ਦੇ ਲਈ ਜਾਤੀ ਦੀ ਗਣਨਾ ਵੀ ਇਸ ਜਨਗਣਨਾ ਨਾਲ ਹੋਵੇਗੀ। ਇਸਦੇ ਲਈ ਰਾਜਨੀਤਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 30 ਅਪ੍ਰੈਲ 2025 ਨੂੰ ਆਪਣੀ ਬੈਠਕ ਵਿੱਚ ਆਉਣ ਵਾਲੀ ਜਨਗਣਨਾ ਯਾਨੀ ਜਨਗਣਨਾ 2027 ਵਿੱਚ ਜਾਤੀ ਗਣਨਾ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਸੀ। ਦੇਸ਼ ਵਿੱਚ ਭਾਰੀ ਸਮਾਜਿਕ ਅਤੇ ਜਨਸੰਖਿਆ ਵਿਭਿੰਨਤਾ ਅਤੇ ਸਬੰਧਿਤ ਚੁਣੌਤੀਆਂ ਦੇ ਨਾਲ, ਜਨਗਣਨਾ 2027 ਦੇ ਦੂਜੇ ਪੜਾਅ ਯਾਨੀ ਜਨਸੰਖਿਆ ਗਣਨਾ (ਪੀਈ) ਵਿੱਚ ਜਾਤੀ ਡੇਟਾ ਨੂੰ ਇਲੈਕਟ੍ਰੌਨਿਕ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ। ਦੂਜੇ ਪੜਾਅ ਦੇ ਲਈ ਪ੍ਰਸ਼ਨਾਵਲੀ ਜਦੋਂ ਜਾਰੀ ਕੀਤੀ ਜਾਵੇਗੀ, ਤਦ ਉਸ ਵਿੱਚ ਜਾਤੀ ਨਾਲ ਜੁੜੇ ਪ੍ਰਸ਼ਨ ਸ਼ਾਮਲ ਕੀਤੇ ਜਾਣਗੇ।

## ਜਨਗਣਨਾ 2027 ਵਿੱਚ ਸ਼ਾਮਲ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ... ਦੀ ਭਾਵਨਾ



**ਸਬਕਾ ਸਾਥ**

ਜਨਗਣਨਾ ਸੰਘੀ ਸੂਚੀ ਦਾ ਵਿਸ਼ਾ ਹੈ ਜਿਸ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਪੂਰੀ ਮਸ਼ੀਨਰੀ ਮਿਲ ਕੇ ਕੰਮ ਕਰਦੀ ਹੈ। ਇਸ ਪੂਰੇ ਅਭਿਆਨ ਵਿੱਚ 'ਟੀਮ ਇੰਡੀਆ 'ਸਬਕਾ ਸਾਥ ਦੀ ਭਾਵਨਾ ਨਾਲ ਕੰਮ ਕਰਦੀ ਹੈ ਤਾਂ ਜੋ ਫੂਲ-ਪਰੂਫ ਡੇਟਾ ਇਕੱਠਾ ਕੀਤਾ ਜਾ ਸਕੇ।

**ਸਬਕਾ ਵਿਕਾਸ**

ਜਨਗਣਨਾ ਵਿੱਚ ਇਕੱਠੇ ਕੀਤੇ ਅੰਕੜਿਆਂ ਵਿੱਚ ਇਸ ਵਾਰ ਜਾਤੀ ਅਧਾਰਿਤ ਜਨਗਣਨਾ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਪਿਛੜੇ ਜਾਂ ਵਾਂਝੇ ਰਹਿ ਗਏ ਲੋਕਾਂ ਦੇ ਅੰਕੜੇ ਸਾਹਮਣੇ ਆਉਣ, ਉਸ ਨਾਲ ਸਾਰਿਆਂ ਦੇ ਵਿਕਾਸ ਦੀਆਂ ਯੋਜਨਾਵਾਂ 'ਤੇ ਕੰਮ ਕਰਨ ਵਿੱਚ ਅਸਾਨੀ ਹੋਵੇਗੀ।

**ਸਬਕਾ ਵਿਸ਼ਵਾਸ**

ਜਨਗਣਨਾ ਵਿੱਚ ਡੇਟਾ ਦੀ ਸੁਰੱਖਿਆ ਨੂੰ ਇਸ ਤਰ੍ਹਾਂ ਯਕੀਨੀ ਬਣਾਇਆ ਗਿਆ ਹੈ ਕਿ ਆਮ ਨਾਗਰਿਕਾਂ ਦਾ ਵਿਸ਼ਵਾਸ ਨਾ ਟੁੱਟੇ, ਤਾਂ ਉੱਥੇ ਹੀ ਇਸ ਅਭਿਆਨ ਵਿੱਚ ਆਮ ਲੋਕ ਜੋ ਦੱਸਦੇ ਹਨ, ਉਸ 'ਤੇ ਭਰੋਸਾ ਕੀਤਾ ਜਾਂਦਾ ਹੈ ਅਤੇ ਉਸ ਨੂੰ ਸੱਚ ਮੰਨਿਆ ਜਾਂਦਾ ਹੈ। ਇਹ ਸਬਕਾ ਵਿਸ਼ਵਾਸ ਦੀ ਭਾਵਨਾ ਨੂੰ ਉਜਾਗਰ ਕਰਦਾ ਹੈ। ਨਾਲ ਹੀ ਇਸ ਵਾਰ ਫਿਰ ਡਿਜੀਟਲ ਜਨਗਣਨਾ ਦੀ ਵਜ੍ਹਾ ਨਾਲ ਡੇਟਾ ਸਹੀ ਹੋਵੇਗਾ ਅਤੇ ਜਲਦੀ ਹੀ ਉਪਲਬਧ ਹੋਵੇਗਾ।

**ਸਬਕਾ ਪ੍ਰਯਾਸ**

ਜਨਗਣਨਾ ਹੁਣ ਇੱਕ ਅੰਦੋਲਨ ਦੇ ਰੂਪ ਵਿੱਚ ਅੱਗੇ ਵਧ ਰਹੀ ਹੈ। ਇਹ ਪਹਿਲਾਂ ਮੌਕਾ ਹੈ ਜਦੋਂ ਸਵੈ-ਗਣਨਾ ਯਾਨੀ ਡਿਜੀਟਲ ਤੌਰ 'ਤੇ ਖੁਦ ਆਪਣੇ ਮਕਾਨ, ਪਰਿਵਾਰ ਦੀ ਜਾਣਕਾਰੀ ਭਰਨ ਦਾ ਮੌਕਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜਾਗਰੂਕਤਾ ਪ੍ਰੋਗਰਾਮ ਵੀ ਕੀਤੇ ਗਏ ਹਨ। ਇਹੀ ਸਬਕਾ ਪ੍ਰਯਾਸ ਵਿਕਸਿਤ ਭਾਰਤ ਦਾ ਅਧਾਰ ਵੀ ਹੈ।



# ਸ਼ੰਕਾ ਨਾ ਕਰੋ... ਸੱਚਾਈ ਜਾਣੋ!

**ਚਲੋ ਆਓ ਨਿਭਾਈਏ ਆਪਣੀ ਜ਼ਿੰਮੇਵਾਰੀ,**
**ਕਰੀਏ ਜਨਗਣਨਾ ਵਿੱਚ ਭਾਗੀਦਾਰੀ**

**ਅਫਵਾਹ** ਗਣਨਾਕਾਰ ਓਟੀਪੀ ਅਤੇ ਬੈਂਕ ਦੀ ਡਿਟੇਲ ਮੰਗਣਗੇ।

**ਸੱਚਾਈ** ਜਨਗਣਨਾ ਦੇ ਕਿਸੇ ਵੀ ਕਰਮਚਾਰੀ ਨੂੰ ਨਾ ਤਾਂ ਓਟੀਪੀ ਦੇਣਾ ਹੈ ਅਤੇ ਨਾ ਹੀ ਕੋਈ ਦਸਤਾਵੇਜ਼ ਜਮ੍ਹਾਂ ਕਰਵਾਉਣਾ ਹੈ।

**ਅਫਵਾਹ** ਤੁਹਾਡੇ ਡੇਟਾ ਦੀ ਵਰਤੋਂ ਟੈਕਸ ਜਾਂ ਜਾਂਚ ਲਈ ਕੀਤੀ ਜਾਵੇਗੀ।

**ਸੱਚਾਈ** ਤੁਹਾਡਾ ਡੇਟਾ ਗੁਪਤ ਹੈ। ਇਸਦੀ ਵਰਤੋਂ ਸਿਰਫ਼ ਯੋਜਨਾਵਾਂ ਅਤੇ ਨੀਤੀਆਂ ਬਣਾਉਣ ਆਦਿ ਦੇ ਉਦੇਸ਼ ਨਾਲ ਕੀਤੀ ਜਾਂਦੀ ਹੈ।

**ਅਫਵਾਹ** ਜਨਗਣਨਾ ਨਾਲ ਤੁਹਾਡੇ ਸਰਕਾਰੀ ਲਾਭ ਪ੍ਰਭਾਵਿਤ ਹੋ ਸਕਦੇ ਹਨ।

**ਸੱਚਾਈ** ਤੁਹਾਡੀ ਲਾਭਪਾਤਰੀ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ।

**ਅਫਵਾਹ** ਜਨਗਣਨਾ ਦੇ ਲਈ ਤੁਹਾਨੂੰ ਫੀਸ ਦੇਣੀ ਪੈ ਸਕਦੀ ਹੈ।

**ਸੱਚਾਈ** ਜਨਗਣਨਾ ਪੂਰੀ ਤਰ੍ਹਾਂ ਨਾਲ ਮੁਫ਼ਤ ਹੈ। ਐੱਚ ਐੱਲ ਓ ਜਾਂ ਸਵੈ-ਗਣਨਾ ਦੇ ਲਈ ਕੋਈ ਫੀਸ ਨਹੀਂ ਦੇਣੀ ਪੈਂਦੀ।

**ਅਫਵਾਹ** ਕੋਈ ਵੀ ਵਿਅਕਤੀ ਗਣਨਾਕਾਰ ਬਣ ਕੇ ਆ ਸਕਦਾ ਹੈ।

**ਸੱਚਾਈ** ਤੁਸੀਂ ਹਮੇਸ਼ਾ QR ਵੈਰੀਫਿਕੇਸ਼ਨ ਦੇ ਨਾਲ ਅਧਿਕਾਰਿਤ ਪਛਾਣ ਪੱਤਰ (ID Card) ਦੀ ਜਾਂਚ ਕਰ ਸਕਦੇ ਹੋ।





*" ਜਨਗਣਨਾ ਦੇ ਦੌਰਾਨ ਦਿੱਤਾ ਗਿਆ ਨਿਜੀ ਡੇਟਾ ਪੂਰੀ ਤਰ੍ਹਾਂ ਗੁਪਤ ਹੁੰਦਾ ਹੈ। ਇਸ ਨੂੰ ਆਰਟੀਆਈ (RTI) ਦੇ ਤਹਿਤ ਸਾਂਝਾ ਨਹੀਂ ਕੀਤਾ ਜਾ ਸਕਦਾ, ਨਾ ਹੀ ਇਸ ਨੂੰ ਅਦਾਲਤ ਵਿੱਚ ਸਬੂਤ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਅਥਾਰਿਟੀ ਦੁਆਰਾ ਨਿਜੀ ਡੇਟਾ ਦੀ ਵਰਤੋਂ ਕੀਤੀ ਜਾ ਸਕਦੀ ਹੈ, ਇਸ ਦੀ ਵਰਤੋਂ ਸਿਰਫ਼ ਅੰਕੜਾ ਸੰਕਲਨ ਦੇ ਲਈ ਕੀਤੀ ਜਾਂਦੀ ਹੈ।"*

**– ਮ੍ਰਿਤੁੰਜੈ ਕੁਮਾਰ ਨਾਰਾਇਣ**

*ਭਾਰਤ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ*

ਜਨਗਣਨਾ 2027 ਦੀ ਪ੍ਰੈੱਸ ਕਾਨਫਰੰਸ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਵਿਕਸਿਤ ਭਾਰਤ ਦੀ ਯਾਤਰਾ ਦਾ ਅਧਾਰ

ਜਨਗਣਨਾ-2027 ਦੇ ਸ਼ੁਭੰਕਰ "ਪ੍ਰਗਤੀ" (ਮਹਿਲਾ ਗਣਨਾਕਾਰ) ਅਤੇ "ਵਿਕਾਸ" (ਪੁਰਸ਼ ਗਣਨਾਕਾਰ) ਨੂੰ ਮੈਤ੍ਰੀਪੂਰਨ ਅਤੇ ਸਹਿਜ ਪ੍ਰਤੀਕਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।"ਪ੍ਰਗਤੀ" ਅਤੇ "ਵਿਕਾਸ" 2047 ਵਿੱਚ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਬਣਾਉਣ ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਮਹਿਲਾਵਾਂ ਅਤੇ ਪੁਰਸ਼ਾਂ ਦੀ ਬਰਾਬਰ ਦੀ ਭਾਗੀਦਾਰੀ ਦੇ ਵੀ ਪ੍ਰਤੀਕ ਹਨ। ਸੁਤੰਤਰਤਾ ਦੇ 100 ਵਰ੍ਹੇ ਪੂਰੇ ਹੋਣ 'ਤੇ 2047 ਤੱਕ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਅੰਮ੍ਰਿਤ ਮਹੋਤਸਵ ਵਰ੍ਹੇ ਨਾਲ ਸ਼ੁਰੂ ਹੋਈ ਇਸ ਪੂਰੀ ਯਾਤਰਾ ਨੂੰ 'ਅੰਮ੍ਰਿਤ ਕਾਲ' ਦਾ ਨਾਮ ਦਿੱਤਾ ਗਿਆ ਹੈ। ਇਸ ਲਈ ਜਨਗਣਨਾ 2027 ਸਿਰਫ਼ ਨਾਗਰਿਕਾਂ ਦੀ ਗਿਣਤੀ ਭਰ ਦੀ ਪ੍ਰਕਿਰਿਆ ਨਹੀਂ ਹੈ, ਸਗੋਂ ਵਿਕਸਿਤ ਭਾਰਤ ਦੀ ਦਿਸ਼ਾ ਤੈਅ ਕਰਨ ਦਾ ਇੱਕ ਮਜ਼ਬੂਤ ਅਧਾਰ ਹੈ। ਇਸ ਟੀਚੇ ਨੂੰ ਸਾਕਾਰ ਕਰਨ ਵਿੱਚ ਸਹੀ ਨੀਤੀਆਂ



> **2011 ਦੀ ਜਨਗਣਨਾ ਦੇ ਅੰਕੜਿਆਂ ਦੇ ਅਧਾਰ 'ਤੇ ਆਮ ਲੋਕਾਂ ਤੱਕ ਬਿਜਲੀ ਪਹੁੰਚਾਉਣ ਤੋਂ ਲੈ ਕੇ ਪਖਾਨਿਆਂ ਤੱਕ, 22 ਵੱਖ-ਵੱਖ ਯੋਜਨਾਵਾਂ 'ਤੇ ਕੰਮ ਕੀਤਾ ਗਿਆ। ਉੱਜਵਲਾ ਯੋਜਨਾ ਦੀ ਵਰਤੋਂ ਕੀਤੀ ਗਈ ਅਤੇ ਪਰਿਵਾਰਾਂ ਨੂੰ ਸਿਲੰਡਰ ਦਿੱਤੇ ਗਏ। 2011 ਦੀ ਜਨਗਣਨਾ ਦੇ ਅਧਾਰ 'ਤੇ ਹੀ ਹਰਿਆਣਾ ਵਿੱਚ ਲਿੰਗ ਅਨੁਪਾਤ ਦੀ ਦਿਸ਼ਾ ਵਿੱਚ ਸੁਧਾਰਾਤਮਕ ਕੰਮ ਕੀਤੇ ਗਏ ਹਨ।**
>
> **– ਅਮਿਤ ਸ਼ਾਹ, ਕੇਂਦਰੀ ਗ੍ਰਹਿ ਮੰਤਰੀ**

ਅਤੇ ਸਟੀਕ ਅੰਕੜੇ ਮਹੱਤਵਪੂਰਨ ਹੁੰਦੇ ਹਨ। ਇਸ ਨਾਲ ਨਾ ਸਿਰਫ਼ ਸਹੀ ਯੋਜਨਾ ਅਤੇ ਨੀਤੀ ਨਿਰਮਾਣ ਵਿੱਚ ਮਦਦ ਮਿਲਦੀ ਹੈ, ਸਗੋਂ ਸੰਸਾਧਨਾਂ ਦੀ ਬਰਾਬਰ ਵੰਡ, ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਸਮਾਜਿਕ-ਆਰਥਿਕ ਸਮਾਨਤਾ ਵਰਗੇ ਪਹਿਲੂਆਂ ਵਿੱਚ ਵੀ ਇਹ ਮਹੱਤਵਪੂਰਨ ਹੁੰਦਾ ਹੈ। ਵਿਕਸਿਤ ਭਾਰਤ ਦੇ ਟੀਚੇ ਨੂੰ ਸਾਕਾਰ ਕਰਨ ਵਿੱਚ ਤਕਨਾਲੋਜੀ ਦੀ ਭੂਮਿਕਾ ਮਹੱਤਵਪੂਰਨ ਹੈ। ਅਜਿਹੇ ਵਿੱਚ ਡਿਜੀਟਲ ਜਨਗਣਨਾ ਤੋਂ ਆਉਣ ਵਾਲੇ ਅੰਕੜੇ ਤੇਜ਼ੀ ਨਾਲ ਅਤੇ ਵਧੇਰੇ ਸਹੀ ਹੋਣਗੇ। ਇਸ ਨਾਲ ਕੇਂਦਰ ਸਰਕਾਰ ਨੂੰ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਮਿਲੇਗੀ। ਇਸ ਲਈ ਇਹ ਸਪਸ਼ਟ ਹੈ ਕਿ ਜਨਗਣਨਾ 2027 'ਵਿਕਸਿਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਇੱਕ ਨੀਂਹ ਦਾ ਕੰਮ ਕਰੇਗੀ। ਇਹ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਰਣਨੀਤਿਕ ਕਦਮ ਸਾਬਤ ਹੋਵੇਗੀ।

ਯਕੀਨੀ ਤੌਰ 'ਤੇ ਜਨਗਣਨਾ ਸ਼ਾਸਨ ਦਾ ਇੱਕ ਮਹੱਤਵਪੂਰਨ ਸਾਧਨ ਹੈ, ਜੋ ਅਗਲੇ ਦਹਾਕੇ ਦੇ ਲਈ ਭਾਰਤ ਦੀ ਵਿਕਾਸ ਯੋਜਨਾ ਦਾ ਅਧਾਰ ਪ੍ਰਦਾਨ ਕਰਦੀ ਹੈ। ਅਜਿਹੇ ਵਿੱਚ ਜਨਗਣਨਾ 2027 ਸਿਰਫ਼ ਅੰਕੜਿਆਂ ਦਾ ਸੰਗ੍ਰਹਿ ਨਹੀਂ, ਸਗੋਂ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਥੰਮ੍ਹ ਹੈ। ਇਹ ਸਰਕਾਰ ਅਤੇ ਸਮਾਜ ਦੇ ਦਰਮਿਆਨ ਇੱਕ ਪੁਲ ਦਾ ਕੰਮ ਕਰਦੀ ਹੈ। ਇਸ ਲਈ ਜਨਗਣਨਾ 2027 ਨੂੰ ਸਿਰਫ਼ ਇੱਕ ਪ੍ਰਸ਼ਾਸਨਿਕ ਪ੍ਰਕਿਰਿਆ ਭਰ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਇੱਕ ਜਨਤਕ ਅੰਦੋਲਨ ਹੈ, ਇੱਕ ਅਜਿਹਾ ਅਭਿਆਨ ਹੈ ਜਿਸ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਜ਼ਰੂਰੀ ਹੈ। ਇਸ ਲਈ ਨਾਗਰਿਕਾਂ ਦਾ ਵੀ ਫ਼ਰਜ਼ ਹੈ ਕਿ ਉਹ ਇਸ ਰਾਸ਼ਟਰੀ ਯੱਗ ਵਿੱਚ ਸਹੀ ਜਾਣਕਾਰੀ ਦੇ ਕੇ ਅਤੇ ਜਾਗਰੂਕਤਾ ਪੈਦਾ ਕਰਕੇ ਆਪਣਾ ਯੋਗਦਾਨ ਪਾਉਣ, ਤਾਂ ਜੋ ਜਨਤਕ ਭਾਗੀਦਾਰੀ ਨਾਲ ਇੱਕ ਸਸ਼ਕਤ, ਸਮ੍ਰਿੱਧ ਅਤੇ ਆਤਮ-ਨਿਰਭਰ ਭਾਰਤ ਦੇ ਨਿਰਮਾਣ ਦੀ ਨੀਂਹ ਰੱਖੀ ਜਾ ਸਕੇ। ■




# ਗੰਗਾ ਐਕਸਪ੍ਰੈੱਸਵੇਅ

## ਨਵੇਂ ਸੁਪਨਿਆਂ ਅਤੇ ਮੌਕਿਆਂ ਦਾ ਗੇਟਵੇ

*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ 28 ਅਤੇ 29 ਅਪ੍ਰੈਲ ਨੂੰ ਉੱਤਰ ਪ੍ਰਦੇਸ਼ ਦਾ ਦੌਰਾ ਸਿਰਫ਼ ਇੱਕ ਪ੍ਰਸ਼ਾਸਨਿਕ ਪ੍ਰੋਗਰਾਮ ਨਹੀਂ, ਸਗੋਂ ਸੱਭਿਆਚਾਰਕ, ਅਧਿਆਤਮਿਕ ਅਤੇ ਵਿਕਾਸਾਤਮਕ ਵਚਨਬੱਧਤਾਵਾਂ ਦਾ ਜੀਵੰਤ ਪ੍ਰਤੀਕ ਰਿਹਾ। ਦੁਨੀਆ ਦੇ ਸਭ ਤੋਂ ਪ੍ਰਾਚੀਨ ਜੀਵਿਤ ਸ਼ਹਿਰਾਂ ਵਿੱਚ ਸ਼ਾਮਲ ਵਾਰਾਣਸੀ, ਹੁਣ ਆਧੁਨਿਕ ਵਿਕਾਸ ਅਤੇ ਪਰੰਪਰਾਗਤ ਵਿਰਾਸਤ ਦੇ ਅਨੋਖੇ ਸੰਗਮ ਵੱਲ ਵਧ ਰਿਹਾ ਹੈ। ਸਰਕਾਰ ਦੀਆਂ ਤਰਜੀਹਾਂ ਵਿੱਚ 'ਵਿਕਾਸ ਅਤੇ ਵਿਰਾਸਤ' ਨੂੰ ਨਾਲ ਲੈ ਕੇ ਚੱਲਣ ਦੀ ਕੜੀ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਦਰਸ਼ਨ ਅਤੇ ਪੂਜਾ ਅਰਚਨਾ ਕੀਤੀ ਅਤੇ ਗੰਗਾ ਐਕਸਪ੍ਰੈੱਸਵੇਅ ਸਮੇਤ ਹਜ਼ਾਰਾਂ ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...*

ਉੱਤਰ ਪ੍ਰਦੇਸ਼ ਅੱਜ 1 ਟ੍ਰਿਲੀਅਨ ਡਾਲਰ ਦੀ ਇਕੌਨਮੀ ਬਣਨ ਲਈ ਅੱਗੇ ਵਧ ਰਿਹਾ ਹੈ ਲੇਕਿਨ ਇੱਕ ਸਮਾਂ ਸੀ ਜਦੋਂ ਇਸ ਰਾਜ ਨੂੰ ਪਿਛੜਿਆ ਪ੍ਰਦੇਸ਼ ਕਿਹਾ ਜਾਂਦਾ ਸੀ। ਇਹ ਇੱਕ ਬਹੁਤ ਵੱਡਾ ਟੀਚਾ ਹੈ ਅਤੇ ਇਸ ਟੀਚੇ ਨੂੰ ਹਾਸਲ ਕਰਨ ਦੀ ਪ੍ਰਦੇਸ਼ ਦੀ ਸਮਰੱਥਾ ਹੈ। ਇਨਫ੍ਰਾਸਟ੍ਰਕਚਰ ਵਿਕਾਸ ਤੋਂ ਲੈ ਕੇ ਮੈਨੂਫੈਕਚਰਿੰਗ ਹੱਬ ਬਣਾਉਣ ਲਈ ਇੱਥੇ ਵੱਡੇ ਕੰਮ ਹੋ ਰਹੇ ਹਨ। ਨਿਵੇਸ਼ ਦੇ ਲਈ ਵੱਡੀਆਂ- ਵੱਡੀਆਂ ਕੰਪਨੀਆਂ ਇੱਥੇ ਆ ਰਹੀਆਂ ਹਨ, ਜਿਸ ਨਾਲ ਇੱਥੇ ਤਰੱਕੀ ਦੀ ਰਫ਼ਤਾਰ ਤੇਜ਼ ਹੋਵੇਗੀ। ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਵੀ ਖੁੱਲ੍ਹਣਗੇ। ਆਧੁਨਿਕ ਵਿਕਾਸ ਦੇ ਇਸ ਦੌਰ ਵਿੱਚ ਗੰਗਾ ਐਕਸਪ੍ਰੈੱਸਵੇਅ ਉੱਤਰ ਪ੍ਰਦੇਸ਼ ਦੇ ਵਿਕਾਸ ਦੀ ਨਵੀਂ ਲਾਈਫ ਲਾਈਨ ਬਣੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਯੂਪੀ ਸਰਕਾਰ ਨੇ ਇਸ ਐਕਸਪ੍ਰੈੱਸਵੇਅ ਦਾ ਨਾਮ ਮਾਂ ਗੰਗਾ 'ਤੇ ਰੱਖਿਆ ਹੈ। ਇਸ ਵਿੱਚ ਵਿਕਾਸ ਦਾ ਵਿਜ਼ਨ ਵੀ ਝਲਕਦਾ ਹੈ ਅਤੇ ਵਿਰਾਸਤ ਦੇ ਵੀ ਦਰਸ਼ਨ ਹੁੰਦੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਕਸਰ ਕਹਿੰਦੇ ਹਨ ਕਿ ਜਿਸ ਪ੍ਰੋਜੈਕਟ ਦਾ ਉਨ੍ਹਾਂ ਦੀ ਸਰਕਾਰ ਨੀਂਹ ਪੱਥਰ ਰੱਖਦੀ ਹੈ ਉਸ ਦਾ ਉਦਘਾਟਨ ਵੀ ਕਰਦੀ ਹੈ। ਗੰਗਾ ਐਕਸਪ੍ਰੈੱਸਵੇਅ ਵੀ ਇਸ ਦੀ ਇੱਕ ਉਦਾਹਰਣ ਹੈ। ਦਸੰਬਰ 2021 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਸ਼ਾਹਜਹਾਂਪੁਰ ਵਿੱਚ ਇਸ ਐਕਸਪ੍ਰੈੱਸਵੇਅ ਦਾ ਨੀਂਹ ਪੱਥਰ ਰੱਖਿਆ ਸੀ। ਪੰਜ ਵਰ੍ਹਿਆਂ ਤੋਂ ਵੀ ਘੱਟ ਸਮੇਂ ਵਿੱਚ 29 ਅਪ੍ਰੈਲ 2026 ਨੂੰ ਹਰਦੋਈ ਤੋਂ ਇਸ ਦਾ ਉਦਘਾਟਨ ਵੀ ਕਰ ਦਿੱਤਾ ਗਿਆ। ਇੱਕ ਪਾਸੇ ਗੰਗਾ ਐਕਸਪ੍ਰੈੱਸਵੇਅ ਦਾ ਨਿਰਮਾਣ ਪੂਰਾ ਹੋਇਆ ਹੈ, ਤਾਂ ਦੂਜੇ ਪਾਸੇ ਇਸ ਦੇ ਵਿਸਥਾਰ ਦੀ ਯੋਜਨਾ 'ਤੇ ਕੰਮ ਵੀ ਸ਼ੁਰੂ ਹੋ ਗਿਆ ਹੈ। ਜਲਦੀ ਹੀ, ਗੰਗਾ ਐਕਸਪ੍ਰੈੱਸਵੇਅ, ਮੇਰਠ ਤੋਂ ਅੱਗੇ ਵਧ ਕੇ ਹਰਿਦੁਆਰ ਤੱਕ ਪਹੁੰਚੇਗਾ। ਇਸ ਦੀ ਹੋਰ ਬਿਹਤਰ ਵਰਤੋਂ ਦੇ ਲਈ ਫਰੁਖਾਬਾਦ ਲਿੰਕ ਐਕਸਪ੍ਰੈੱਸਵੇਅ ਦਾ ਨਿਰਮਾਣ ਕਰਕੇ ਇਸ ਨੂੰ ਹੋਰ ਐਕਸਪ੍ਰੈੱਸਵੇਅ ਨਾਲ ਵੀ ਜੋੜਿਆ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਹ ਐਕਸਪ੍ਰੈੱਸਵੇਅ ਸਿਰਫ ਇੱਕ ਹਾਈ ਸਪੀਡ ਸੜਕ ਨਹੀਂ ਹੈ। ਇਹ

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



*ਕਾਸ਼ੀ ਦੇ ਸੰਸਦ ਮੈਂਬਰ ਦੇ ਤੌਰ 'ਤੇ ... ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ....ਮੈਨੂੰ ਦੇਸ਼ ਹਿਤ ਦੇ ਇੱਕ ਵੱਡੇ ਟੀਚੇ ਦੀ ਪ੍ਰਾਪਤੀ ਲਈ ਤੁਹਾਡਾ ਅਸ਼ੀਰਵਾਦ ਚਾਹੀਦਾ ਹੈ... ਅਤੇ ਇਹ ਵੱਡਾ ਟੀਚਾ ਹੈ, ਲੋਕ ਸਭਾ –ਵਿਧਾਨ ਸਭਾ ਵਿੱਚ ਮਹਿਲਾਵਾਂ ਦੇ ਲਈ ਰਾਖਵਾਂਕਰਨ ਲਾਗੂ ਕਰਨਾ।* **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

# ਵਿਕਸਿਤ ਭਾਰਤ ਦਾ ਮਜ਼ਬੂਤ ਥੰਮ੍ਹ 'ਨਾਰੀ ਸ਼ਕਤੀ'

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਾਰਾਣਸੀ ਵਿੱਚ ਇੱਕ ਵਿਸ਼ਾਲ ਮਹਿਲਾ ਸੰਮੇਲਨ ਨੂੰ ਸੰਬੋਧਨ ਕੀਤਾ। ਰਾਸ਼ਟਰ-ਨਿਰਮਾਣ ਵਿੱਚ ਮਹਿਲਾਵਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ 'ਨਾਰੀ ਸ਼ਕਤੀ' ਨੂੰ ਵਿਕਸਿਤ ਭਾਰਤ ਦਾ ਸਭ ਤੋਂ ਮਜ਼ਬੂਤ ਥੰਮ੍ਹ ਦੱਸਿਆ। ਪ੍ਰਧਾਨ ਮੰਤਰੀ ਮੋਦੀ ਨੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਦੇ ਲਈ ਰਾਖਵਾਂਕਰਨ ਲਾਗੂ ਕਰਨ ਦੇ ਇੱਕ ਵੱਡੇ ਰਾਸ਼ਟਰੀ ਟੀਚੇ ਨੂੰ ਹਾਸਲ ਕਰਨ ਦੇ ਲਈ ਉੱਥੇ ਮੌਜੂਦ ਲੋਕਾਂ ਦਾ ਅਸ਼ੀਰਵਾਦ ਮੰਗਿਆ ਅਤੇ ਭਰੋਸਾ ਦਿਵਾਇਆ ਕਿ ਰਾਖਵਾਂਕਰਨ ਦੇ ਅਧਿਕਾਰ ਨੂੰ ਹਕੀਕਤ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਾਂਗੇ।

ਪ੍ਰਧਾਨ ਮੰਤਰੀ ਮੋਦੀ ਨੇ ਮਹਿਲਾ ਸੰਮੇਲਨ ਦੇ ਪ੍ਰੋਗਰਾਮ ਤੋਂ ਹੀ ਲਗਭਗ 6,350 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਵੀ ਰੱਖਿਆ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਦੋਂ ਘਰ ਵਿੱਚ ਕੋਈ ਮਹਿਲਾ ਸਸ਼ਕਤ ਹੁੰਦੀ ਹੈ, ਤਾਂ ਪੂਰੇ ਪਰਿਵਾਰ ਨੂੰ ਤਾਕਤ ਮਿਲਦੀ ਹੈ। ਇਸ ਨਾਲ ਸਮਾਜ ਅਤੇ ਦੇਸ਼ ਵੀ ਮਜ਼ਬੂਤ ਹੁੰਦਾ ਹੈ। ਉਨ੍ਹਾਂ ਨੇ ਦੱਸਿਆ ਕਿ 25 ਵਰ੍ਹੇ ਪਹਿਲਾਂ ਜਦੋਂ ਉਹ ਗੁਜਰਾਤ ਦੇ ਮੁੱਖ ਮੰਤਰੀ ਬਣੇ ਸਨ, ਤਾਂ ਉਨ੍ਹਾਂ ਨੇ ਲੜਕੀਆਂ ਦੇ ਲਈ ਦੋ ਮੋਹਰੀ ਯੋਜਨਾਵਾਂ (pioneering schemes) ਸ਼ੁਰੂ ਕੀਤੀਆਂ ਸਨ। ਪਹਿਲਾ 'ਸ਼ਾਲਾ ਪ੍ਰਵੇਸ਼ੋਤਸਵ' (Shala Praveshotsav) ਤਾਂ ਜੋ ਇਹ ਯਕੀਨੀ ਹੋ ਸਕੇ ਕਿ ਵੱਧ ਤੋਂ ਵੱਧ ਲੜਕੀਆਂ ਸਕੂਲ ਜਾਣ ਅਤੇ ਆਪਣੀ ਪੜ੍ਹਾਈ ਪੂਰੀ ਕਰਨ। ਦੂਸਰਾ 'ਮੁੱਖ ਮੰਤਰੀ ਕੰਨਿਆ ਕੇਲਵਾਣੀ ਨਿਧੀ' ਤਾਂ ਜੋ ਉਨ੍ਹਾਂ ਨੂੰ ਫੀਸ ਵਿੱਚ ਮਦਦ ਮਿਲ ਸਕੇ। ਉਨ੍ਹਾਂ ਨੇ ਕਿਹਾ, 'ਉਦੋਂ ਤੋਂ ਲੈ ਕੇ ਅੱਜ ਤੱਕ, ਸਾਡੀ ਸਰਕਾਰ ਦੀਆਂ ਨੀਤੀਆਂ ਵਿੱਚ ਮਹਿਲਾਵਾਂ ਦੀ ਭਲਾਈ ਨੂੰ ਲਗਾਤਾਰ ਸਰਬਉੱਚ ਤਰਜੀਹ ਦਿੱਤੀ ਗਈ ਹੈ।

ਆਰਥਿਕ ਸਸ਼ਕਤੀਕਰਣ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜਦੋਂ ਮਹਿਲਾਵਾਂ ਦੀ ਆਰਥਿਕ ਸ਼ਕਤੀ ਵਧਦੀ ਹੈ, ਤਾਂ ਘਰ-ਪਰਿਵਾਰ ਵਿੱਚ ਉਨ੍ਹਾਂ ਦੀ ਆਵਾਜ਼ ਵੀ ਓਨੀ ਹੀ ਮਜ਼ਬੂਤ ਹੋ ਜਾਂਦੀ ਹੈ। ਪਿਛਲੇ 11 ਵਰ੍ਹਿਆਂ ਵਿੱਚ, ਲਗਭਗ 10 ਕਰੋੜ ਮਹਿਲਾਵਾਂ ਨੂੰ ਸਵੈ ਸਹਾਇਤਾ ਸਮੂਹਾਂ ਨਾਲ ਜੋੜਿਆ ਗਿਆ ਹੈ ਜਿਨ੍ਹਾਂ ਵਿੱਚ ਕਾਸ਼ੀ ਦੀਆਂ ਲਗਭਗ 1.25 ਲੱਖ ਭੈਣਾਂ ਸ਼ਾਮਲ ਹਨ। ਲੱਖਾਂ ਰੁਪਏ ਦੀ ਆਰਥਿਕ ਸਹਾਇਤਾ ਨੇ ਉਨ੍ਹਾਂ ਨੂੰ ਸੁਤੰਤਰ ਤੌਰ 'ਤੇ ਕੰਮ ਕਰਨ ਵਿੱਚ ਸਮਰੱਥ ਬਣਾਇਆ ਹੈ। ਇਨ੍ਹਾਂ ਯਤਨਾਂ ਦੇ ਜ਼ਰੀਏ ਹੁਣ ਤੱਕ 3 ਕਰੋੜ ਭੈਣਾਂ 'ਲਖਪਤੀ ਦੀਦੀ' ਬਣ ਚੁੱਕੀਆਂ ਹਨ, ਜਿਨ੍ਹਾਂ ਵਿੱਚ ਵਾਰਾਣਸੀ ਦੀਆਂ ਹਜ਼ਾਰਾਂ ਭੈਣਾਂ ਵੀ ਸ਼ਾਮਲ ਹਨ।

## ਵਾਰਾਣਸੀ ਨੂੰ ਤੋਹਫੇ

**1,050 ਕਰੋੜ ਰੁਪਏ ਤੋਂ ਵੱਧ ਖਰਚ ਨਾਲ ਤਿਆਰ ਵਾਰਾਣਸੀ ਦੇ 48 ਪ੍ਰੋਜੈਕਟ।**

- ਵਾਰਾਣਸੀ–ਆਜ਼ਮਗੜ੍ਹ ਸੜਕ ਨੂੰ ਚੌੜਾ ਕਰਨਾ।
- ਕੱਜਾਕਪੁਰਾ ਅਤੇ ਕਾਦੀਪੁਰ ਵਿੱਚ ਰੇਲਵੇ ਓਵਰਬ੍ਰਿਜ।
- ਭਗਵਾਨਪੁਰ ਵਿੱਚ 55 ਐੱਮਐੱਲਡੀ ਦਾ ਸੀਵੇਜ਼ ਟ੍ਰੀਟਮੈਂਟ ਪਲਾਂਟ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਦੋ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸਵੇਅ ਟ੍ਰੇਨਾਂ ਨੂੰ ਦਿਖਾਈ ਹਰੀ ਝੰਡੀ

- ਦੋ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ ਨੂੰ ਦਿਖਾਈ ਹਰੀ ਝੰਡੀ ਵਾਰਾਣਸੀ- ਪੁਣੇ (ਹਡਪਸਰ) ਅਤੇ ਅਯੋਧਿਆ- ਮੁੰਬਈ (ਲੋਕਮਾਨਯ ਤਿਲਕ ਟਰਮੀਨਲਜ਼)। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਦਰਮਿਆਨ ਸੰਪਰਕ ਵਧੇਗਾ।
- ਵਾਰਾਣਸੀ –ਪੁਣੇ ਸੇਵਾ ਤੋਂ ਕਾਸ਼ੀ ਵਿਸ਼ਵਨਾਥ ਧਾਮ ਤੱਕ ਪਹੁੰਚਣਾ ਅਸਾਨ ਹੋਵੇਗਾ, ਜਦਕਿ ਅਯੋਧਿਆ –ਮੁੰਬਈ ਸਰਵਿਸ ਤੋਂ ਸ਼੍ਰੀ ਰਾਮ ਮੰਦਿਰ ਤੀਰਥ ਖੇਤਰ ਤੱਕ ਸੰਪਰਕ ਬਿਹਤਰ ਹੋਵੇਗਾ ਅਤੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਮਿਆਨ ਸੰਪਰਕ ਮਜ਼ਬੂਤ ਹੋਵੇਗਾ।

**ਨੀਂਹ ਪੱਥਰ** ਵਾਰਾਣਸੀ ਜੰਕਸ਼ਨ –ਪੰਡਿਤ ਦੀਨ ਦਿਆਲ ਉਪਾਧਿਆਏ ਜੰਕਸ਼ਨ ਤੀਸਰੀ ਅਤੇ ਚੌਥੀ ਰੇਲਵੇ ਲਾਈਨ ਪ੍ਰੋਜੈਕਟ। ਗੰਗਾ ਨਦੀ 'ਤੇ ਰੇਲ-ਕਮ- ਰੋਡ ਬ੍ਰਿਜ ਦਾ ਨਿਰਮਾਣ। ਇਸ ਨਾਲ ਕਾਸ਼ੀ ਵਿਸ਼ਵਨਾਥ ਧਾਮ, ਰਾਮਨਗਰ ਖੇਤਰ ਅਤੇ ਰਾਸ਼ਟਰੀ ਰਾਜਮਾਰਗ- 19 ਤੱਕ ਪਹੁੰਚ ਵਿੱਚ ਸੁਧਾਰ ਹੋਵੇਗਾ, ਪੂਰਬੀ ਯੂਪੀ ਅਤੇ ਬਿਹਾਰ ਤੋਂ ਰੇਲ ਸੰਪਰਕ ਮਜ਼ਬੂਤ ਹੋਵੇਗਾ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ।

ਨਵੀਆਂ ਸੰਭਾਵਨਾਵਾਂ, ਨਵੇਂ ਸੁਪਨਿਆਂ ਅਤੇ ਨਵੇਂ ਮੌਕਿਆਂ ਦਾ ਗੇਟਵੇਅ ਹੈ। ਗੰਗਾ ਐਕਸਪ੍ਰੈੱਸਵੇਅ ਯੂਪੀ ਦੇ ਇੱਕ ਸਿਰ੍ਹੇ ਨੂੰ ਦੂਜੇ ਸਿਰ੍ਹੇ ਨਾਲ ਤਾਂ ਜੋੜੇਗਾ ਹੀ, ਨਾਲ ਹੀ ਇਹ ਐੱਨਸੀਆਰ ਦੀਆਂ ਅਨੰਤ ਸੰਭਾਵਨਾਵਾਂ ਨੂੰ ਵੀ ਨੇੜੇ ਲਿਆਏਗਾ। ਗੰਗਾ ਐਕਸਪ੍ਰੈੱਸਵੇਅ 'ਤੇ ਗੱਡੀਆਂ ਤਾਂ ਤੇਜ਼ ਰਫ਼ਤਾਰ ਵਿੱਚ ਚੱਲਣਗੀਆਂ ਹੀ, ਇਸ ਦੇ ਕਿਨਾਰੇ ਨਵੇਂ ਉਦਯੋਗਿਕ ਮੌਕੇ ਵਿਕਸਿਤ ਹੋਣਗੇ। ਇਸ ਦੇ ਲਈ ਹਰਦੋਈ ਵਰਗੇ ਦੂਸਰੇ ਜ਼ਿਲ੍ਹਿਆਂ ਵਿੱਚ ਇੰਡਸਟ੍ਰੀਅਲ ਕੌਰੀਡੋਰ ਵਿਕਸਿਤ ਕੀਤੇ ਜਾ ਰਹੇ ਹਨ। ਇਸ ਨਾਲ ਹਰਦੋਈ, ਸ਼ਾਹਜਹਾਂਪੁਰ, ਉੱਨਾਵ ਸਮੇਤ ਸਾਰੇ 12 ਜ਼ਿਲ੍ਹਿਆਂ ਵਿੱਚ ਨਵੇਂ ਉਦਯੋਗ ਆਉਣਗੇ। ਵੱਖ- ਵੱਖ ਸੈਕਟਰਾਂ ਜਿਵੇਂ ਕਿ ਫਾਰਮਾ, ਟੈਕਸਟਾਈਲ ਆਦਿ ਦੇ ਕਲਸਟਰ ਵਿਕਸਿਤ ਹੋਣਗੇ।

### ਉਦਯੋਗਿਕ ਵਿਕਾਸ

ਉੱਤਰ ਪ੍ਰਦੇਸ਼ ਦਾ ਉਦਯੋਗਿਕ ਵਿਕਾਸ ਅੱਜ ਭਾਰਤ ਦੀ ਰਣਨੀਤਕ ਤਾਕਤ ਵੀ ਬਣ ਰਿਹਾ ਹੈ। ਦੇਸ਼ ਦੇ ਦੋ ਡਿਫੈਂਸ ਕੌਰੀਡੋਰਾਂ ਵਿੱਚੋਂ ਇੱਕ ਉੱਤਰ ਪ੍ਰਦੇਸ਼ ਵਿੱਚ ਹੈ। ਰੱਖਿਆ ਖੇਤਰ ਦੀਆਂ ਵੱਡੀਆਂ- ਵੱਡੀਆਂ ਕੰਪਨੀਆਂ ਇੱਥੇ ਆਪਣੀਆਂ ਫੈਕਟਰੀਆਂ ਲਗਾ ਰਹੀਆਂ ਹਨ। ਬ੍ਰਹਮੋਸ ਵਰਗੀਆਂ ਮਿਜ਼ਾਈਲਾਂ, ਜਿਨ੍ਹਾਂ ਦਾ ਲੋਹਾ ਦੁਨੀਆ ਮੰਨਦੀ ਹੈ, ਯੂਪੀ ਵਿੱਚ ਬਣ ਰਹੀਆਂ ਹਨ। ਰੱਖਿਆ ਉਪਕਰਣਾਂ ਦੇ ਨਿਰਮਾਣ ਵਿੱਚ ਜੋ ਛੋਟੇ-ਛੋਟੇ ਪੁਰਜੇ ਚਾਹੀਦੇ ਹਨ, ਉਨ੍ਹਾਂ ਦੀ ਸਪਲਾਈ ਦੇ ਲਈ ਐੱਮਐੱਸਐੱਮਈ ਨੂੰ ਕੰਮ ਮਿਲਦਾ ਹੈ। ਇਸ ਦਾ ਬਹੁਤ ਵੱਡਾ ਲਾਭ ਉੱਤਰ ਪ੍ਰਦੇਸ਼ ਦੇ ਐੱਮਐੱਸਐੱਮਈ ਸੈਕਟਰ ਨੂੰ ਹੋ ਰਿਹਾ ਹੈ।

**ਵਿਕਾਸ ਦਾ ਹਾਈਵੇਅ...**

## ਗੰਗਾ ਐਕਸਪ੍ਰੈੱਸਵੇਅ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਰੁਜ਼ਗਾਰ ਵੀ ਹੋਣਗੇ ਪੈਦਾ

**36,230** ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹਰਦੋਈ ਜ਼ਿਲ੍ਹੇ ਵਿੱਚ ਗੰਗਾ ਐਕਸਪ੍ਰੈੱਸਵੇਅ ਦਾ ਉਦਘਾਟਨ।

- 594 ਕਿਲੋਮੀਟਰ ਲੰਬੇ 6 ਲੇਨ ਵਾਲੇ ਇਸ ਐਕਸਪ੍ਰੈੱਸਵੇਅ ਨੂੰ 8 ਲੇਨ ਤੱਕ ਚੌੜਾ ਕੀਤਾ ਜਾ ਸਕਦਾ ਹੈ।
- ਇਹ ਐਕਸਪ੍ਰੈੱਸਵੇਅ 12 ਜ਼ਿਲ੍ਹਿਆਂ –ਮੇਰਠ, ਬੁਲੰਦਸ਼ਹਿਰ, ਹਾਪੁੜ, ਅਮਰੋਹਾ, ਸੰਭਲ, ਬਦਾਯੂੰ, ਸ਼ਾਹਜਹਾਂਪੁਰ, ਹਰਦੋਈ, ਉੱਨਾਵ, ਰਾਏਬਰੇਲੀ, ਪ੍ਰਤਾਪਗੜ੍ਹ ਅਤੇ ਪ੍ਰਯਾਗਰਾਜ ਤੋਂ ਹੋ ਕੇ ਲੰਘਦਾ ਹੈ।
- ਇਨ੍ਹਾਂ 12 ਜ਼ਿਲ੍ਹਿਆਂ ਵਿੱਚ ਲਗਭਗ 2,635 ਹੈਕਟੇਅਰ ਖੇਤਰ ਵਿੱਚ ਏਕੀਕ੍ਰਿਤ ਮੈਨੂਫੈਕਚਰਿੰਗ ਅਤੇ ਲੌਜਿਸਟਿਕਸ ਕੌਰੀਡੋਰ ਵਿਕਸਿਤ ਕੀਤਾ ਜਾਵੇਗਾ।
- ਕਿਸਾਨਾਂ ਨੂੰ ਸ਼ਹਿਰੀ ਅਤੇ ਨਿਰਯਾਤ ਬਜ਼ਾਰਾਂ ਤੱਕ ਸਿੱਧੀ ਪਹੁੰਚ ਮਿਲੇਗੀ ਅਤੇ ਬਿਹਤਰ ਕੀਮਤ ਪ੍ਰਾਪਤ ਹੋਵੇਗੀ।
- ਨਵੇਂ ਆਰਥਿਕ ਮੌਕੇ ਖੁੱਲ੍ਹਣ ਅਤੇ ਪੂਰੇ ਖੇਤਰ ਵਿੱਚ ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਵੀ ਉਮੀਦ ਹੈ।
- ਐਕਸਪ੍ਰੈੱਸਵੇਅ ਦੇ ਸ਼ੁਰੂ ਹੋਣ ਨਾਲ ਮੇਰਠ ਅਤੇ ਪ੍ਰਯਾਗਰਾਜ ਦੇ ਦਰਮਿਆਨ ਯਾਤਰਾ ਦਾ ਮੌਜੂਦਾ ਸਮਾਂ 10-12 ਘੰਟਿਆਂ ਤੋਂ ਘਟ ਕੇ ਲਗਭਗ 6 ਘੰਟੇ ਹੋ ਜਾਵੇਗਾ।
- ਇਸ ਐਕਸਪ੍ਰੈੱਸਵੇਅ 'ਤੇ ਸ਼ਾਹਜਹਾਂਪੁਰ ਜ਼ਿਲ੍ਹੇ ਵਿੱਚ 3.5 ਕਿਲੋਮੀਟਰ ਲੰਬੀ ਐਮਰਜੈਂਸੀ ਲੈਂਡਿੰਗ ਸੁਵਿਧਾ (ਹਵਾਈ ਪੱਟੀ- airstrip) ਦਾ ਨਿਰਮਾਣ ਕੀਤਾ ਗਿਆ ਹੈ।

## 5,300 ਕਰੋੜ ਰੁਪਏ ਦੇ 112 ਤੋਂ ਵੱਧ ਪ੍ਰੋਜੈਕਟਾਂ ਦਾ ਨੀਂਹ ਪੱਥਰ...

- ਅੰਮ੍ਰਿਤ 2.0 ਦੇ ਤਹਿਤ 13 ਸੀਵਰੇਜ਼ ਅਤੇ ਵਾਟਰ ਸਪਲਾਈ ਸਕੀਮਾਂ।
- ਸ਼੍ਰੀ ਸ਼ਿਵ ਪ੍ਰਸਾਦ ਗੁਪਤਾ ਡਿਵੀਜ਼ਨਲ ਜ਼ਿਲ੍ਹਾ ਹਸਪਤਾਲ ਵਿੱਚ 500 ਬੈੱਡਾਂ ਵਾਲਾ ਮਲਟੀ- ਸਪੈਸ਼ੇਲਿਟੀ ਹਸਪਤਾਲ।
- ਭੋਜੂਵੀਰ ਅਤੇ ਸਿਗਰਾ ਵਿੱਚ ਮਾਰਕਿਟ ਕੰਪਲੈਕਸਾਂ ਅਤੇ ਦਫ਼ਤਰਾਂ ਦੇ ਨਿਰਮਾਣ ਦੇ ਨਾਲ–ਨਾਲ ਤਲਾਬਾਂ ਦੀ ਮੁਰੰਮਤ ਵੀ।
- 198 ਬੈੱਡਾਂ ਵਾਲੇ ਹਸਪਤਾਲ ਦਾ ਪੁਨਰ-ਨਿਰਮਾਣ, 100 ਬੈੱਡਾਂ ਵਾਲੇ ਇੰਟੈਂਸਿਵ ਕੇਅਰ ਬਲਾਕ (ਆਈਸੀਯੂ) ਦਾ ਨਿਰਮਾਣ।
- ਅੱਸੀ ਘਾਟ, ਦਸ਼ਾਸ਼ਵਮੇਧ ਘਾਟ ਅਤੇ ਨਮੋ ਘਾਟ ਸਮੇਤ ਪ੍ਰਮੁੱਖ ਘਾਟਾਂ 'ਤੇ ਟੂਰਿਜ਼ਮ ਸਹੂਲਤਾਂ ਦਾ ਵਿਕਾਸ਼ ਸ਼ਾਮਲ ਹੈ। ਨਗਰ ਨਿਗਮ ਦਫ਼ਤਰ ਭਵਨ, ਸਰਕਾਰੀ ਬਾਲ ਆਸਰਾ ਘਰ ਅਤੇ ਜੁਵੇਨਾਇਲ ਜਸਟਿਸ ਬੋਰਡ ਦਾ ਨੀਂਹ ਪੱਥਰ ਰੱਖਿਆ।

**ਭਾਈਚਾਰਕ ਪ੍ਰੋਜੈਕਟਾਂ ਦਾ ਉਦਘਾਟਨ**

- ਜਲ ਜੀਵਨ ਮਿਸ਼ਨ ਦੇ ਤਹਿਤ 30 ਗ੍ਰਾਮੀਣ ਪੇਅਜਲ ਯੋਜਨਾਵਾਂ।
- ਚੰਦ੍ਰਾਵਤੀ ਘਾਟ ਦਾ ਪੁਨਰ-ਵਿਕਾਸ, ਸਾਰਨਾਥ ਦੇ ਕੋਲ ਸਾਰੰਗਨਾਥ ਮੰਦਿਰ ਦਾ ਟੂਰਿਜ਼ਮ ਵਿਕਾਸ।
- ਸੈਂਟ੍ਰਲ ਯੂਨੀਵਰਸਿਟੀ ਆਫ ਤਿੱਬਤੀ ਸਟਡੀਜ਼ ਵਿੱਚ ਸੋਵਾ ਰਿਗਪਾ ਭਵਨ ਅਤੇ ਹਸਪਤਾਲ ਦਾ ਉਦਘਾਟਨ।



# ਗਲੋਬਲ ਟੂਰਿਜ਼ਮ ਅਤੇ ਸੱਭਿਆਚਾਰਕ ਸਥਾਨ ਦਾ ਕੇਂਦਰ ਬਣਿਆ ਉੱਤਰ ਪੂਰਬ

*ਉੱਤਰ ਪੂਰਬ ਅੱਜ ਨਵੇਂ ਭਾਰਤ ਦੀ ਭਾਵਨਾ ਯਾਨੀ 'ਸਸ਼ਕਤ, ਜੁੜਿਆ ਹੋਇਆ ਅਤੇ ਭਵਿੱਖ ਦੇ ਲਈ ਤਿਆਰ' ਦੀ ਪ੍ਰਤੀਨਿਧਤਾ ਕਰਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਜ਼ਨ ਤੋਂ ਪ੍ਰੇਰਿਤ ਹੋ ਕੇ, ਇਹ ਸਰਹੱਦੀ ਖੇਤਰ ਤੋਂ ਮੋਹਰੀ ਖੇਤਰ ਵਿੱਚ ਤਬਦੀਲ ਹੋ ਗਿਆ ਹੈ, ਜੋ ਕਿ ਆਤਮ-ਵਿਸ਼ਵਾਸ ਅਤੇ ਮੁਕਾਬਲੇਬਾਜ਼ੀ ਦਾ ਪ੍ਰਤੀਕ ਹੈ। ਇਨਫ੍ਰਾਸਟ੍ਰਕਚਰ, ਨਿਵੇਸ਼, ਸ਼ਾਸਨ ਅਤੇ ਨੌਜਵਾਨਾਂ ਦੇ ਜੁੜਾਅ ਵਿੱਚ ਰਿਕਾਰਡ ਵਾਧਾ ਹਾਸਲ ਕੀਤਾ ਹੈ। ਇਸੇ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ 27 ਅਤੇ 28 ਅਪ੍ਰੈਲ ਨੂੰ ਸਿੱਕਿਮ ਦੇ ਦੌਰੇ 'ਤੇ ਰਹੇ। ਇਸ ਦੌਰਾਨ 4,000 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...*

ਓਰਕਿਡਸ ਦਾ ਗਾਰਡਨ ਅਤੇ ਪੂਰਬ ਦਾ ਸਵਰਗ ਸਿੱਕਿਮ ਦੀ ਬੇਮਿਸਾਲ ਸੁੰਦਰਤਾ, ਇੱਥੋਂ ਦੀ ਸ਼ਾਂਤੀ, ਇੱਥੋਂ ਦਾ ਅਧਿਆਤਮਿਕ ਆਨੰਦ, ਦੇਸ਼ ਭਰ ਦੇ ਕੁਦਰਤ ਪ੍ਰੇਮੀ ਸੈਲਾਨੀਆਂ ਦੇ ਲਈ ਆਕਰਸ਼ਣ ਦਾ ਕੇਂਦਰ ਹੈ। ਦੇਸ਼ ਵਿੱਚ ਜਦੋਂ ਰਾਜਨੀਤਿਕ ਸੁਆਰਥ ਦੇ ਚਲਦੇ ਭਾਸ਼ਾਵਾਦ, ਪ੍ਰਾਂਤਵਾਦ, ਉਚ-ਨੀਚ ਅਤੇ ਵਿਤਕਰੇ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਸਿੱਕਿਮ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦਾ ਦਰਸ਼ਨ ਕਰਵਾ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੋ ਦਿਨਾਂ ਸਿੱਕਿਮ ਯਾਤਰਾ ਰਾਜ ਬਣਨ ਦੀ ਸਿਲਵਰ ਜੁਬਲੀ ਦੇ ਵਰ੍ਹੇ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹੈ। ਇਹ ਯਾਤਰਾ ਸਿੱਕਿਮ ਅਤੇ ਉੱਤਰ ਪੂਰਬ ਦੇ ਖੇਤਰ ਦੇ ਤੇਜ਼ ਅਤੇ ਟਿਕਾਊ ਵਿਕਾਸ ਦੇ ਪ੍ਰਤੀ ਮੌਜੂਦਾ ਕੇਂਦਰ ਸਰਕਾਰ ਦੀ ਨਿਰੰਤਰ ਪ੍ਰਤੀਬੱਧਤਾ ਨੂੰ ਵੀ ਦਰਸਾਉਂਦੀ ਹੈ। ਇਹ ਵਿਕਾਸ ਅਤੇ ਵਿਰਾਸਤ ਨੂੰ ਨਾਲ ਲੈ ਕੇ ਚੱਲਣ ਦੀ ਯਾਤਰਾ ਹੈ। ਸਿੱਕਿਮ ਦੀਆਂ ਕਈ ਪੀੜ੍ਹੀਆਂ ਨੇ ਇਸ ਯਾਤਰਾ ਨੂੰ ਅੱਗੇ ਵਧਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਿੱਕਿਮ ਜਾਂ ਨੌਰਥ ਈਸਟ ਸਿਰਫ ਦੇਸ਼ ਦਾ ਇੱਕ ਹਿੱਸਾ ਹੀ ਨਹੀਂ ਹੈ, ਸਗੋਂ ਇਹ ਭਾਰਤ ਦੀ 'ਅਸ਼ਟ ਲਕਸ਼ਮੀ' ਵੀ ਹਨ। ਇਸ ਲਈ, ਕੇਂਦਰ ਸਰਕਾਰ 'ਐਕਟ ਈਸਟ' ਦੀ ਪੌਲਿਸੀ 'ਤੇ ਤਾਂ ਕੰਮ ਕਰ ਰਹੀ ਹੈ, ਨਾਲ ਹੀ ਨੌਰਥ ਈਸਟ ਦੇ ਲਈ 'ਐਕਟ ਈਸਟ' ਫਾਸਟ ਦਾ ਸੰਕਲਪ ਵੀ ਲਿਆ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸੇ ਸੰਕਲਪ ਨੂੰ ਅੱਗੇ ਵਧਾਉਂਦੇ ਹੋਏ ਨਾ ਸਿਰਫ ਸਿੱਕਿਮ ਰਾਜ ਦੀ ਸਥਾਪਨਾ ਦੇ 50ਵੇਂ ਵਰ੍ਹੇ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਏ ਸਗੋਂ ਰਾਜ ਦੇ ਬੁਨਿਆਦੀ ਢਾਂਚੇ, ਸੰਪਰਕ, ਸਿਹਤ ਸੰਭਾਲ, ਸਿੱਖਿਆ, ਸ਼ਹਿਰੀ ਵਿਕਾਸ, ਵਾਤਾਵਰਣ, ਟੂਰਿਜ਼ਮ ਅਤੇ ਖੇਤੀਬਾੜੀ ਸਮੇਤ ਕਈ ਖੇਤਰਾਂ ਨਾਲ ਜੁੜੇ 30 ਤੋਂ ਵੱਧ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਇਨ੍ਹਾਂ ਪ੍ਰੋਜੈਕਟਾਂ ਨਾਲ ਨਾ ਸਿਰਫ ਰਾਜ ਦਾ ਮੌਜੂਦਾ ਸਗੋਂ ਭਵਿੱਖ ਦੇ ਵਿਕਾਸ ਲਈ ਵੀ ਮਜ਼ਬੂਤ ਅਧਾਰ ਤਿਆਰ ਹੋਵੇਗਾ। ਸਿੱਕਿਮ ਦਾ ਖੇਤਰਫਲ ਦੇਸ਼ ਦੇ ਕੁੱਲ ਖੇਤਰਫਲ ਦਾ ਇੱਕ ਪਰਸੈਂਟ ਤੋਂ ਵੀ ਘੱਟ ਹੈ ਪਰੰਤੂ ਦੇਸ਼ ਦੀ 25 ਪਰਸੈਂਟ ਤੋਂ ਵੱਧ ਫਲੋਰਲ ਡਾਇਵਰਸਿਟੀ ਸਿੱਕਿਮ ਵਿੱਚ ਮਿਲਦੀ ਹੈ। ਇੱਥੇ ਪੰਛੀਆਂ ਦੀਆਂ ਲਗਭਗ 500

# ਰਾਜ ਦੇ ਲੋਕਾਂ ਦਾ ਜੀਵਨ ਹੋਵੇਗਾ ਹੋਰ ਅਸਾਨ...

**30** ਬੈੱਡਾਂ ਵਾਲੇ ਸੋਵਾ ਰਿਗਪਾ ਹਸਪਤਾਲ ਦਾ ਐੱਨਆਈਟੀ ਦੇਵਰਾਲੀ ਵਿੱਚ ਉਦਘਾਟਨ।

- ਯਾਂਗਂਗ ਵਿੱਚ ਸਿੱਕਿਮ ਯੂਨੀਵਰਸਿਟੀ ਦੇ ਸਥਾਈ ਕੈਂਪਸ ਦਾ ਉਦਘਾਟਨ।
- ਚਾਕੁੰਗ ਵਿਖੇ ਨੇਤਾਜੀ ਸੁਭਾਸ਼ ਚੰਦ੍ਰ ਬੋਸ ਉੱਤਮਤਾ ਯੂਨੀਵਰਸਿਟੀ ਦੇ ਪ੍ਰਸ਼ਾਸਨਿਕ ਬਲਾਕ ਦੀ ਸ਼ੁਰੂਆਤ।
- ਗੰਗਟੋਕ ਦੇ ਸੋਚੇਯਗਾਂਗ ਵਿੱਚ ਹੇਲੇਨ ਲੇਪਚਾ ਮੈਡੀਕਲ ਕਾਲਜ ਦੀ ਸ਼ੁਰੂਆਤ।
- ਗਿਆਲਸ਼ਿੰਗ ਦੇ ਡੈਂਟਮ ਵਿੱਚ ਵੋਕੇਸ਼ਨਲ ਕਾਲਜ।
- ਮੰਗਨ ਜ਼ਿਲ੍ਹੇ ਦੇ ਮੰਗਸ਼ਿਲਾ ਵਿਖੇ ਮਾਡਲ ਡਿਗਰੀ ਕਾਲਜ।

**160** ਸਿੱਕਿਮ ਦੇ ਸਕੂਲਾਂ ਵਿੱਚ ਆਈਟੀ-ਸਮਰੱਥ ਐਜੂਕੇਸ਼ਨਲ ਇਨਫ੍ਰਾਸਟ੍ਰਕਚਰ ਪ੍ਰੋਜੈਕਟ ਨੂੰ ਲਾਗੂ ਕਰਨ ਦੀ ਸ਼ੁਰੂਆਤ।

- ਕਿਚੁਦੁਮਰਾ ਹੁੰਦੇ ਹੋਏ ਬਿਰਧਾਂਗ ਤੋਂ ਨਾਮਚੀ ਤੱਕ ਜਾਣ ਵਾਲੀ ਸੜਕ ਨੂੰ ਚੌੜਾ ਕਰਨਾ ਅਤੇ ਮਜ਼ਬੂਤੀਕਰਣ।
- ਗੰਗਟੋਕ ਵਿੱਚ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ (ਟੀਐਂਡਡੀ) ਨੈੱਟਵਰਕ ਵਿੱਚ ਸੁਧਾਰ ਦੇ ਲਈ ਪ੍ਰੋਜੈਕਟ ਦਾ ਅੱਪਗ੍ਰੇਡੇਸ਼ਨ ਅਤੇ ਨਵੀਨੀਕਰਣ।
- ਲੁਮਸੇ ਵਿੱਚ ਜਨ ਸੇਵਾ ਸਚਿਵਾਲਯ (ਮਿੰਨੀ ਸਕੱਤਰੇਤ) ਅਤੇ ਗੰਗਟੋਕ ਵਿੱਚ ਸਿਵਿਲ ਸੇਵਾ ਅਧਿਕਾਰੀ ਸੰਸਥਾਨ ਦਾ ਉਦਘਾਟਨ।
- ਸਿੱਕਿਮ ਸ਼ਹਿਰੀ ਗ਼ਰੀਬ ਆਵਾਸ ਯੋਜਨਾ, ਪੁਲਿਸ ਕਰਮਚਾਰੀਆਂ ਦੇ ਲਈ ਰਿਹਾਇਸ਼ ਅਤੇ ਐੱਸਏਪੀ ਪਾਂਗਥਾਂਗ ਵਿੱਚ ਗ੍ਰੇਡ 'ਸੀ' ਕੁਆਰਟਰ ਸਮੇਤ ਰਿਹਾਇਸ਼ੀ ਪ੍ਰੋਜੈਕਟਾਂ ਦਾ ਉਦਘਾਟਨ।
- ਗੰਗਟੋਕ ਦੇ ਜ਼ੋਨ III ਵਿੱਚ ਰੋਰੋ ਚੂ ਨਦੀ ਦੇ ਜ਼ਰੀਏ ਰਾਨੀ ਚੂ ਨਦੀ ਦੀ ਪ੍ਰਦੂਸ਼ਣ ਨਿਯੰਤਰਣ ਯੋਜਨਾ ਦਾ ਵੀ ਉਦਘਾਟਨ।
- ਗੰਗਟੋਕ ਵਿੱਚ ਰਿਜ਼ ਪ੍ਰੀਸਿੰਕਟ ਦੇ ਪੁਨਰ-ਵਿਕਾਸ, ਸੋਰੇਂਗ ਦੇ ਡੋਡਕ ਵਿੱਚ ਵਾਤਾਵਰਣ- ਟੂਰਿਸਟ ਅਤੇ ਤੀਰਥ ਯਾਤਰਾ ਬੁਨਿਆਦੀ ਢਾਂਚੇ, ਕੈਲਾਸ਼ ਮਾਨਸਰੋਵਰ ਯਾਤਰਾ ਨਾਲ ਸਬੰਧਿਤ ਇਨਫ੍ਰਾਸਟ੍ਰਚਰ ਅਤੇ ਨਾਮਫਿੰਗ ਦੇ ਕ੍ਰਿਸ਼ਣਾ ਪ੍ਰਣਾਮੀ ਮੰਗਲ ਧਾਮ ਵਿੱਚ ਗੈਸਟ ਹਾਊਸ (ਯਾਤਰੀ ਨਿਵਾਸ) ਦਾ ਉਦਘਾਟਨ।
- ਇਫਕੋ ਪ੍ਰੋਸੈੱਸਿੰਗ ਪਲਾਂਟ ਦਾ ਉਦਘਾਟਨ, ਜਿਸ ਨਾਲ ਐਗਰੋ- ਪ੍ਰੋਸੈੱਸਿੰਗ ਨੂੰ ਹੁਲਾਰਾ ਮਿਲੇਗਾ।
- ਪਾਕਯੋਂਗ ਜ਼ਿਲ੍ਹੇ ਦੇ ਮਾਇਨਿੰਗ, ਰੰਗਪੋ ਵਿੱਚ ਇੰਡੋਰ ਕ੍ਰਿਕੇਟ ਸੁਵਿਧਾਵਾਂ ਦਾ ਵੀ ਉਦਘਾਟਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਸਿੱਕਿਮ ਵਿੱਚ ਨੌਜਵਾਨਾਂ ਦੇ ਨਾਲ ਫੁੱਟਬਾਲ ਖੇਡਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ।

## ਤਿਆਰ ਹੋ ਰਿਹਾ ਭਵਿੱਖ ਦਾ ਮਜ਼ਬੂਤ ਅਧਾਰ ...

**100** ਬੈੱਡਾਂ ਵਾਲੇ ਆਯੁਰਵੇਦ ਹਸਪਤਾਲ ਦਾ ਨਾਮਚੀ ਵਿਖੇ ਨੀਂਹ ਪੱਥਰ।

- ਸਿਰਵਾਨੀ ਅਤੇ ਲੋਅਰ ਸਮਦੋਂਗ ਵਿਖੇ ਤੀਰਤਾ ਨਦੀ 'ਤੇ ਬਣੇ ਦੋ ਡਬਲ ਲੇਨ ਵਾਲੇ ਸਟੀਲ ਮੇਹਰਾਬਦਾਰ ਪੁਲਾਂ ਦਾ ਨੀਂਹ ਪੱਥਰ। ਨਾਮਚੀ ਅਤੇ ਗੰਗਟੋਕ ਜ਼ਿਲ੍ਹੇ ਆਪਸ ਵਿੱਚ ਜੁੜਣਗੇ।
- ਸਦਭਾਵ ਮੰਡਪ (ਜਨਤਕ ਉਪਯੋਗਤਾ ਕੇਂਦਰ) ਦਾ ਨੀਂਹ ਪੱਥਰ।
- ਨਦੀ ਪ੍ਰਦੂਸ਼ਣ ਨਿਯੰਤਰਣ ਪਹਿਲ ਦੇ ਤਹਿਤ ਸਿੰਗਤਮ ਕਸਬੇ ਵਿੱਚ ਸੀਵਰੇਜ਼ ਸਿਸਟਮ ਦੇ ਪੁਨਰ- ਨਿਰਮਾਣ ਦਾ ਨੀਂਹ ਪੱਥਰ।
- ਗਿਆਲਸ਼ਿੰਗ ਜ਼ਿਲ੍ਹੇ ਦੇ ਸਿਲਨੋਨ ਵਿੱਚ ਵਾਤਾਵਰਣ- ਤੀਰਥ ਯਾਤਰਾ ਕੰਪਲੈਕਸ ਦਾ ਨੀਂਹ ਪੱਥਰ।

ਪ੍ਰਜਾਤੀਆਂ, ਬਟਰਫਲਾਈ ਦੀਆਂ ਕਰੀਬ 700 ਪ੍ਰਜਾਤੀਆਂ, ਖ਼ੂਬਸੂਰਤ ਫੌਰੈਸਟ ਕਵਰ, ਕੰਚਨਜੰਗਾ ਦਾ ਅਦਭੁਤ ਆਕਰਸ਼ਣ ਹੈ। ਇਹੀ ਕਾਰਨ ਹੈ ਕਿ ਹਰ ਕੋਈ ਵਾਰ-ਵਾਰ ਸਿੱਕਿਮ ਆਉਣਾ ਚਾਹੁੰਦਾ ਹੈ।

ਸਿੱਕਿਮ ਦੀ ਵੱਡੀ ਤਾਕ ਇੱਥੋਂ ਦੀ ਟੂਰਿਜ਼ਮ ਅਰਥਵਿਵਸਥਾ ਹੈ। ਟੂਰਿਜ਼ਮ ਤਾਂ ਹੀ ਵਧਦਾ ਹੈ, ਜਦੋਂ ਰਾਜ ਦਾ ਇਨਫ੍ਰਾਸਟ੍ਰਕਚਰ ਵਧਿਆ ਹੋਵੇ। ਇਹੀ ਕਾਰਨ ਹੈ ਕਿ ਸਿੱਕਿਮ ਦੀ ਕਨੈਕਟੀਵਿਟੀ ਅਤੇ ਇਨਫ੍ਰਾਸਟ੍ਰਕਚਰ 'ਤੇ ਜ਼ਿਆਦਾ ਫੋਕਸ ਕੀਤਾ ਜਾ ਰਿਹਾ ਹੈ। ਬੀਤੇ ਵਰ੍ਹਿਆਂ ਵਿੱਚ ਇੱਥੇ ਸੈਂਕੜੇ ਕਿਲੋਮੀਟਰ ਹਾਈਵੇਅ ਦਾ ਨਿਰਮਾਣ ਹੋਇਆ ਹੈ। ਪਿੰਡ-ਪਿੰਡ ਤੱਕ ਸੜਕਾਂ ਨੂੰ ਪਹੁੰਚਾਉਣ ਦੇ ਲਈ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਬਾਗਡੋਗਰਾ ਤੋਂ ਗੰਗਟੋਕ ਤੱਕ ਐਕਸਪ੍ਰੈੱਸਵੇਅ ਦਾ ਨਿਰਮਾਣ ਹੋਵੇ ਜਾਂ ਸੇਵੋਕ- ਰੰਗਪੋ ਰੇਲਵੇ ਲਾਈਨ, ਇਹ ਪ੍ਰੋਜੈਕਟ ਸਿੱਕਿਮ ਨੂੰ ਪੂਰੇ ਦੇਸ਼ ਨਾਲ ਜੋੜਨ ਦਾ ਜ਼ਰੀਆ ਬਣ ਰਹੇ ਹਨ। ਇੱਥੇ ਨਵੇਂ ਰਾਸ਼ਟਰੀ ਰਾਜਮਾਰਗ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਸਰਕਾਰ ਦੇ ਇਨ੍ਹਾਂ ਯਤਨਾਂ ਨਾਲ ਸਿੱਕਿਮ ਆਉਣ ਵਾਲੇ ਟੂਰਿਸਟਾਂ ਦੀ ਗਿਣਤੀ ਹੋਰ ਵਧੇਗੀ। ਇੱਥੋਂ ਦੇ ਲੋਕਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।



ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ... ਸਭ ਤੋਂ ਤੇਜ਼

# ਨਿਊਜ਼ੀਲੈਂਡ ਵਿੱਚ ਭਾਰਤੀ ਨਿਰਯਾਤ ਡਿਊਟੀ ਫ੍ਰੀ... ਆਏਗਾ 20 ਅਰਬ ਡਾਲਰ ਦਾ ਨਿਵੇਸ਼

*ਭਾਰਤ ਅਤੇ ਨਿਊਜ਼ੀਲੈਂਡ ਦੇ ਦਰਮਿਆਨ ਪੁਰਾਣੇ ਅਤੇ ਦੋਸਤਾਨਾ ਸਬੰਧ ਹਨ। ਦੋਵੇਂ ਦੇਸ਼ਾਂ ਦੇ ਦਰਮਿਆਨ ਕੌਮਨ ਵੈਲਥ ਵਿਰਾਸਤ, ਲੋਕਤੰਤਰੀ ਪਰੰਪਰਾਵਾਂ, ਕਾਨੂੰਨੀ ਵਿਵਸਥਾ ਅਤੇ ਖੇਡਾਂ ਵਿੱਚ ਵੀ ਜੁੜਾਅ ਹੈ। ਰਾਜਨੀਤਿਕ, ਵਪਾਰ, ਰੱਖਿਆ, ਸਿੱਖਿਆ, ਟੂਰਿਜ਼ਮ, ਸੱਭਿਆਚਾਰਕ ਅਤੇ ਖੇਡ ਦੇ ਖੇਤਰਾਂ ਵਿੱਚ ਲਗਾਤਾਰ ਸਹਿਯੋਗ ਵਧ ਰਿਹਾ ਹੈ। ਇਸੇ ਕੜੀ ਵਿੱਚ 27 ਅਪ੍ਰੈਲ, 2026 ਨੂੰ ਸਭ ਤੋਂ ਤੇਜ਼ੀ ਨਾਲ ਸੰਪੰਨ ਵਪਾਰ ਮੁਕਤ ਸਮਝੌਤਿਆਂ ਵਿੱਚੋਂ ਇੱਕ ਭਾਰਤ- ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ ‘ਤੇ ਦੋਵੇਂ ਦੇਸ਼ਾਂ ਨੇ ਨਵੀਂ ਦਿੱਲੀ ਵਿੱਚ ਦਸਤਖਤ ਕੀਤੇ। ਇਸ ਐੱਫਟੀਏ ਨਾਲ ਭਾਰਤੀ ਨਿਰਯਾਤ ‘ਤੇ ਡਿਊਟੀ ਹਟੇਗੀ, 20 ਅਰਬ ਡਾਲਰ ਦਾ ਨਿਵੇਸ਼ ਆਏਗਾ ਤਾਂ ਨਾਲ ਹੀ ਵਿਦਿਆਰਥੀਆਂ ਅਤੇ ਕੁਸ਼ਲ ਪੇਸ਼ੇਵਰਾਂ ਦੇ ਲਈ ਮੌਕਿਆਂ ਦਾ ਹੋਵੇਗਾ ਵਿਸਥਾਰ...*

ਭਾਰਤ ਦੀ ਅਰਥਵਿਵਸਥਾ ਲਗਾਤਾਰ ਨਵੀਂ ਉਚਾਈ ਛੂਹ ਰਹੀ ਹੈ। ਨਿਰਯਾਤ ਨਿਤ ਨਵੇਂ ਰਿਕਾਰਡ ਬਣਾ ਰਿਹਾ ਹੈ। ਵਿੱਤੀ ਵਰ੍ਹੇ 2025 -26 ਵਿੱਚ ਭਾਰਤ ਦਾ ਮਾਲ ਅਤੇ ਸੇਵਾ ਨਿਰਯਾਤ ਰਿਕਾਰਡ 860.09 ਅਰਬ ਅਮਰੀਕੀ ਡਾਲਰ ਤੱਕ ਪਹੁੰਚਿਆ, ਜੋ ਕਿ ਪਿਛਲੇ ਵਰ੍ਹੇ ਦੇ ਮੁਕਾਬਲੇ 4.22 ਪ੍ਰਤੀਸ਼ਤ ਦੇ ਵਾਧੇ ਨੂੰ ਦਰਸਾਉਂਦਾ ਹੈ। ਆਲਮੀ ਰੁਕਾਵਟਾਂ ਦੇ ਬਾਵਜੂਦ ਇੰਜੀਨੀਅਰਿੰਗ ਸਮਾਨ, ਇਲੈਕਟ੍ਰੌਨਿਕਸ, ਫਾਰਮਾਸਿਊਟੀਕਲਸ, ਰਸਾਇਣ, ਰਤਨ ਅਤੇ ਗਹਿਣੇ ਅਤੇ ਖੇਤੀ ਅਧਾਰਿਤ ਉਤਪਾਦਾਂ ਵਰਗੇ ਖੇਤਰਾਂ ਨੇ ਨਿਰਯਾਤ ਦੀ ਰਫ਼ਤਾਰ ਨੂੰ ਬਣਾਈ ਰੱਖਿਆ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਬੀਤੇ ਕੁਝ ਵਰ੍ਹਿਆਂ ਵਿੱਚ ਮੁਕਤ ਵਪਾਰ ਸਮਝੌਤਿਆਂ ਨਾਲ ਆਲਮੀ ਪੱਧਰ ‘ਤੇ ਭਾਰਤੀ ਬਜ਼ਾਰ ਨੂੰ ਵਿਸਤਾਰ ਮਿਲਣਾ। ਭਾਰਤ ਨੇ 27 ਅਪ੍ਰੈਲ ਨੂੰ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਨਿਊਜ਼ੀਲੈਂਡ ਦੇ ਨਾਲ ਮੁਕਤ ਵਪਾਰ ਸਮਝੌਤੇ ‘ਤੇ ਹਸਤਾਖਰ ਕੀਤੇ ਜੋ ਕਿ ਬੀਤੇ ਵਰ੍ਹਿਆਂ ਵਿੱਚ 38 ਵਿਕਸਿਤ ਦੇਸ਼ਾਂ ਦੇ ਨਾਲ ਭਾਰਤ ਦਾ 9ਵਾਂ ਸਮਝੌਤਾ

> **ਇਹ ਆਧੁਨਿਕ ਅਤੇ ਸੰਤੁਲਿਤ ਸਮਝੌਤਾ ਦੋਵੇਂ ਦੇਸ਼ਾਂ ਦੀਆਂ ਤਾਕਤਾਂ ਨੂੰ ਜੋੜ ਕੇ ਸਮੂਹਿਕ ਵਿਕਾਸ ਨੂੰ ਹੁਲਾਰਾ ਦੇਵੇਗਾ। ਇਸ ਨਾਲ ਕਿਸਾਨਾਂ, ਕਾਰੀਗਰਾਂ, ਨੌਜਵਾਨਾਂ, ਉੱਦਮੀਆਂ, ਮਹਿਲਾਵਾਂ ਅਤੇ ਐੱਮਐੱਸਐੱਮਈ ਦੇ ਲਈ ਨਵੇਂ ਮੌਕੇ ਬਣਨਗੇ। ਐਗਰੀਕਲਚਰ, ਮੈਨੂਫੈਕਚਰਿੰਗ, ਤਕਨੀਕ, ਸਿੱਖਿਆ ਅਤੇ ਸੇਵਾਵਾਂ ਵਰਗੇ ਖੇਤਰਾਂ ਵਿੱਚ ਗਲੋਬਲ ਮਾਰਕਿਟ ਤੱਕ ਪਹੁੰਚ ਵਧੇਗੀ।**
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਹੈ। ਇਹ ਸਮਝੌਤਾ ਮਜ਼ਬੂਤ ਆਰਥਿਕ ਸਾਂਝੇਦਾਰੀ ਨੂੰ ਹੁਲਾਰਾ ਦੇਵੇਗਾ, ਨਿਵੇਸ਼ ਨੂੰ ਉਤਸ਼ਾਹਿਤ ਕਰੇਗਾ।

ਭਾਰਤ- ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ (ਐੱਫਟੀਏ) 'ਤੇ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਅਤੇ ਨਿਊਜ਼ੀਲੈਂਡ ਦੇ ਵਪਾਰ ਅਤੇ ਨਿਵੇਸ਼ ਮੰਤਰੀ ਟੌਡ ਮੈਕਲੇ ਨੇ ਹਸਤਾਖਰ ਕੀਤੇ। ਇਸ ਸਮਝੌਤੇ ਨਾਲ ਭਾਰਤੀ ਨਿਰਯਾਤ 'ਤੇ ਡਿਊਟੀ ਹਟੇਗੀ, ਜਿਸ ਨਾਲ ਕਿਰਤ ਪ੍ਰਧਾਨ ਖੇਤਰਾਂ ਨੂੰ ਹੁਲਾਰਾ ਮਿਲੇਗਾ। ਇਸ ਨਾਲ ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈਜ਼) ਨੂੰ ਮਜ਼ਬੂਤੀ ਮਿਲੇਗੀ। ਨਾਲ ਹੀ ਖੇਤੀਬਾੜੀ ਅਤੇ ਡੇਅਰੀ ਵਰਗੇ ਸੈਕਟਰਾਂ ਦੀ ਪੂਰਨ ਤੌਰ 'ਤੇ ਸੁਰੱਖਿਆ ਵੀ ਯਕੀਨੀ ਹੋਵੇਗੀ। ਇਹ ਸਮਝੌਤਾ ਵਿਦਿਆਰਥੀਆਂ ਅਤੇ ਕੁਸ਼ਲ ਪੇਸ਼ੇਵਰਾਂ ਲਈ ਮੌਕਿਆਂ ਦਾ ਵਿਸਤਾਰ ਕਰੇਗਾ। ਖੇਤੀਬਾੜੀ ਉਤਪਾਦਕਤਾ ਅਤੇ ਨਿਵੇਸ਼ ਵਚਨਬੱਧਤਾਵਾਂ ਨੂੰ ਵੀ ਸਹਾਇਤਾ ਪ੍ਰਾਪਤ ਹੋਵੇਗੀ। ਨੌਨ- ਟੈਰਿਫ ਰੁਕਾਵਟਾਂ ਨੂੰ ਖਤਮ ਕਰਕੇ, ਇਹ ਮੁਕਤ ਵਪਾਰ ਸਮਝੌਤਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਭਾਰਤ ਦੀ ਰਣਨੀਤਕ ਆਰਥਿਕ ਮੌਜੂਦਗੀ ਨੂੰ ਮਜ਼ਬੂਤ ਕਰੇਗਾ। ਇਹ ਸਮਝੌਤਾ 2047 ਤੱਕ ਵਿਕਸਿਤ ਭਾਰਤ ਦੇ ਟੀਚੇ ਦੀ ਦਿਸ਼ਾ ਵਿੱਚ ਨਵੀਂ ਸੋਚ ਦਾ ਵੀ ਪ੍ਰਮਾਣ ਹੈ। ਇਹ ਸਮਝੌਤਾ ਦੋਵੇਂ ਦੇਸ਼ਾਂ ਦੀਆਂ ਘਰੇਲੂ ਪ੍ਰਕਿਰਿਆਵਾਂ ਪੂਰੀਆਂ ਹੋਣ ਅਤੇ ਮਨਜ਼ੂਰੀ ਮਿਲਣ ਤੋਂ ਬਾਅਦ ਲਾਗੂ ਹੋਵੇਗਾ।

### ਖੁੱਲ੍ਹਣਗੇ ਨਵੇਂ ਮੌਕੇ...

ਭਾਰਤ–ਨਿਊਜ਼ੀਲੈਂਡ ਦੇ ਦਰਮਿਆਨ ਹੋਏ ਸਮਝੌਤੇ ਤੋਂ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਇਹ ਭਾਰਤ ਦੀ ਆਲਮੀ ਭਾਈਵਾਲੀ ਅਤੇ ਸਾਂਝੀ ਸਮ੍ਰਿੱਧੀ ਦੀ ਦਿਸ਼ਾ ਵਿੱਚ ਇੱਕ ਇਤਿਹਾਸਕ ਦਿਨ ਹੈ। ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ 'ਤੇ ਹਸਤਾਖਰ ਸਾਡੇ ਮਜ਼ਬੂਤ ਹੁੰਦੇ ਆਰਥਿਕ ਸਬੰਧਾਂ, ਆਪਸੀ ਵਿਸ਼ਵਾਸ ਅਤੇ ਸਾਂਝੇ ਟੀਚਿਆਂ ਦੇ ਪ੍ਰਤੀਕ ਹਨ। ਦੋਵੇਂ ਦੇਸ਼ਾਂ ਦੇ ਲੋਕਾਂ, ਖਾਸ ਕਰਕੇ ਨੌਜਵਾਨਾਂ ਨੂੰ ਹਾਰਦਿਕ ਵਧਾਈ, ਜੋ ਸਾਡੀਆਂ ਅਰਥਵਿਵਸਥਾਵਾਂ ਦੀ ਤਾਕਤ ਹਨ। ਇਹ ਆਧੁਨਿਕ ਅਤੇ ਸੰਤੁਲਿਤ ਸਮਝੌਤਾ ਦੋਵੇਂ ਦੇਸ਼ਾਂ ਦੀਆਂ ਤਾਕਤਾਂ ਨੂੰ ਜੋੜ ਕੇ ਸਮੂਹਿਕ ਵਿਕਾਸ ਨੂੰ ਹੁਲਾਰਾ ਦੇਵੇਗਾ। ਇਸ ਨਾਲ ਕਿਸਾਨਾਂ, ਕਾਰੀਗਰਾਂ, ਨੌਜਵਾਨਾਂ, ਉੱਦਮੀਆਂ, ਮਹਿਲਾਵਾਂ ਅਤੇ ਐੱਮਐੱਸਐੱਮਈਜ਼ ਦੇ ਲਈ ਨਵੇਂ ਰਾਹ ਖੁੱਲ੍ਹਣਗੇ। ਐਗਰੀਕਲਚਰ, ਮੈਨੂਫੈਕਚਰਿੰਗ, ਤਕਨੀਕ, ਸਿੱਖਿਆ ਅਤੇ ਸੇਵਾਵਾਂ ਵਰਗੇ ਖੇਤਰਾਂ ਵਿੱਚ ਗਲੋਬਲ ਮਾਰਕਿਟ ਤੱਕ ਪਹੁੰਚ ਵਧੇਗੀ। ਖੇਤੀਬਾੜੀ ਉਤਪਾਦਕਤਾ ਸਾਂਝੇਦਾਰੀ ਅਤੇ ਉੱਤਮਤਾ ਕੇਂਦਰਾਂ ਦੇ ਜ਼ਰੀਏ ਨਿਊਜ਼ੀਲੈਂਡ ਦੀ ਆਧੁਨਿਕ ਖੇਤੀਬਾੜੀ ਮੁਹਾਰਤ ਅਤੇ ਭਾਰਤ ਦੀਆਂ ਤਰਜੀਹਾਂ ਨੂੰ ਜੋੜਿਆ ਜਾਵੇਗਾ। ਇਸ ਨਾਲ ਉਤਪਾਦਕਤਾ, ਬੁਨਿਆਦੀ ਢਾਂਚੇ ਅਤੇ ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਹੋਵੇਗਾ।

ਪਿਛਲੇ ਇੱਕ ਦਹਾਕੇ ਵਿੱਚ ਭਾਰਤ ਗਲੋਬਲ ਮੈਨੂਫੈਕਚਰਿੰਗ ਸਪਲਾਈ ਚੇਨ ਦਾ ਵੱਡਾ ਹਿੱਸਾ ਬਣਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਇਹ ਸਮਝੌਤਾ ਕੌਸ਼ਲ, ਪ੍ਰਤਿਭਾ ਅਤੇ ਗਤੀਸ਼ੀਲਤਾ ਦੇ ਮਹੱਤਵ ਨੂੰ ਮਾਨਤਾ ਦਿੰਦਾ ਹੈ। ਇਸ ਨਾਲ ਕੁਸ਼ਲ ਪੇਸ਼ੇਵਰਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਲਈ ਨਵੇਂ ਮੌਕੇ ਵਧਣਗੇ। ਇਹ ਸਮਝੌਤਾ ਦੋਵੇਂ ਦੇਸ਼ਾਂ ਦੀਆਂ ਰਵਾਇਤੀ ਗਿਆਨ ਪ੍ਰਣਾਲੀਆਂ, ਜਿਵੇਂ ਜੈਵਿਕ ਉਤਪਾਦ, ਆਯੁਸ਼ ਅਤੇ ਯੋਗ ਨੂੰ ਆਲਮੀ ਪਛਾਣ ਦੇਵੇਗਾ। ਇਸ ਨਾਲ ਸਾਡੀਆਂ ਪਰੰਪਰਾਵਾਂ ਭਵਿੱਖ ਦੇ ਮੌਕਿਆਂ ਨਾਲ ਜੁੜਨਗੀਆਂ। ਦੋਵੇਂ ਦੇਸ਼ ਆਪਣੀਆਂ ਤਾਕਤਾਂ ਨੂੰ ਮਿਲਾ ਕੇ ਮਜ਼ਬੂਤ ਸਪਲਾਈ ਚੇਨਾਂ ਬਣਾਉਣਗੇ ਅਤੇ ਸਸਤੀਆਂ ਅਤੇ ਪ੍ਰਤੀਯੋਗੀ ਵਸਤੂਆਂ ਅਤੇ ਸੇਵਾਵਾਂ ਤਿਆਰ ਕਰਨਗੀਆਂ। ਇਸ ਨਾਲ ਵਿਕਾਸ ਦੇ ਨਵੇਂ ਰਾਹ ਖੁੱਲ੍ਹਣਗੇ।

### ਸਮਝੌਤੇ ਨਾਲ ਵਪਾਰ ਵਿੱਚ ਵਧੀਆਂ ਹੋਰ ਸੰਭਾਵਨਾਵਾਂ

ਭਾਰਤ ਅਤੇ ਨਿਊਜ਼ੀਲੈਂਡ ਦੇ ਦਰਮਿਆਨ ਵਸਤਾਂ ਅਤੇ ਸੇਵਾਵਾਂ ਦਾ ਵਪਾਰ ਵਰ੍ਹੇ 2024 ਵਿੱਚ **2.4** ਅਰਬ ਅਮਰੀਕੀ ਡਾਲਰ ਤੱਕ ਪਹੁੰਚ ਗਿਆ।

ਵਿੱਤੀ ਵਰ੍ਹੇ 2024- 25 ਵਿੱਚ ਦੋਵੇਂ ਦੇਸ਼ਾਂ ਦਾ ਦੁਵੱਲਾ ਵਸਤੂ ਵਪਾਰ 1.3 ਅਰਬ ਅਮਰੀਕੀ ਡਾਲਰ ਰਿਹਾ। ਇਹ ਪਿਛਲੇ ਵਰ੍ਹੇ ਦੀ ਤੁਲਨਾ ਵਿੱਚ 49 ਪ੍ਰਤੀਸ਼ਤ ਤੋਂ ਵੱਧ ਹੈ। ਇਸ ਐੱਫਟੀਏ ਤੋਂ ਬਾਅਦ ਵਪਾਰ ਹੋਰ ਵਧਣ ਦੀ ਉਮੀਦ ਹੈ।



### ਜੈਵਿਕ ਉਤਪਾਦਾਂ ਦਾ ਵਧੇਗਾ ਵਪਾਰ

ਆਪਸੀ ਮਾਨਤਾ ਸਮਝੌਤੇ ਦੇ ਜ਼ਰੀਏ ਜੈਵਿਕ ਉਤਪਾਦਾਂ ਦੇ ਵਪਾਰ ਨੂੰ ਹੁਲਾਰਾ ਮਿਲੇਗਾ। ਪਹਿਲੇ ਪੜਾਅ ਵਿੱਚ ਆਪਸੀ ਮਾਨਤਾ ਵਿਵਸਥਾ (ਐੱਮਆਰਏ) ਲਾਗੂ ਹੋਵੇਗੀ। ਐੱਮਆਰਏ ਲਾਗੂ ਹੋਣ ਤੋਂ ਬਾਅਦ ਬਾਸਮਤੀ ਚੌਲ, ਅਲਸੀ, ਅਰੇਬਿਕਾ ਚੈਰੀ, ਈਸਬਗੋਲ, ਸੋਇਆਬੀਨ ਦੇ ਤੇਲ ਦੀ ਖਲ ਅਤੇ ਜੈਵਿਕ ਕਾਲੀ ਚਾਹ ਵਰਗੇ ਉਤਪਾਦਾਂ ਦੀ ਮੰਗ ਵਧਣ ਦੀ ਉਮੀਦ ਹੈ।

### ਮਜ਼ਬੂਤ ਲੋਕਾਂ ਪ੍ਰਤੀ ਵਚਨਬੱਧਤਾ-ਸਬੰਧਾਂ ਦੀ ਵਚਨਬੱਧਤਾ ਹੋਵੇਗੀ ਮਜ਼ਬੂਤ

ਸਮਝੌਤੇ ਤੋਂ ਬਾਅਦ ਸੰਦੇਸ਼ ਵਿੱਚ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਇਸ ਨੂੰ 'ਇੱਕ ਪੀੜ੍ਹੀ ਵਿੱਚ ਇੱਕ ਵਾਰ ਹੋਣ ਵਾਲਾ ਸਮਝੌਤਾ' ਦੱਸਿਆ, ਜਿਸ ਨਾਲ ਨਿਊਜ਼ੀਲੈਂਡ ਦੇ ਨਿਰਯਾਤਕਾਂ ਨੂੰ ਭਾਰਤ ਦੀ 140 ਕਰੋੜ ਆਬਾਦੀ ਵਾਲੇ ਬਜ਼ਾਰ ਤੱਕ ਵਿਆਪਕ ਪਹੁੰਚ ਮਿਲੇਗੀ। ਇਸ ਨਾਲ ਬਜ਼ਾਰ ਪਹੁੰਚ ਦਾ ਵਿਸਥਾਰ ਹੋਵੇਗਾ, ਨਿਰਯਾਤ ਵਾਧੇ ਨੂੰ ਹੁਲਾਰਾ ਮਿਲੇਗਾ ਅਤੇ ਖੇਤੀਬਾੜੀ ਵਰਗੇ ਖੇਤਰਾਂ ਵਿੱਚ

# ਭਾਰਤ ਨੇ ਕੀਤੇ 6 ਵਰ੍ਹਿਆਂ ਵਿੱਚ 9 ਐੱਫਟੀਏ





**ਭਾਰਤ-ਨਿਊਜ਼ੀਲੈਂਡ ਐੱਫਟੀਐੱਮ – ਅਪ੍ਰੈਲ, 2026**

ਸਭ ਤੋਂ ਤੇਜ਼ੀ ਨਾਲ ਹੋਣ ਵਾਲਾ ਐੱਫਟੀਏ - 9 ਮਹੀਨਿਆਂ ਵਿੱਚ ਪੂਰਾ



**ਇੰਡੀਆ-ਯੂਐੱਸ ਅੰਤਰਿਮ ਟ੍ਰੇਡ ਫ੍ਰੇਮਵਰਕ - ਫਰਵਰੀ, 2026**

ਭਾਰਤ-ਅਮਰੀਕਾ ਦੇ ਦਰਮਿਆਨ ਵਪਾਰ ਸਮਝੌਤੇ ਦੀ ਦਿਸ਼ਾ ਵਿੱਚ ਇੱਕ ਕਦਮ



**ਭਾਰਤ-ਈਯੂ ਐੱਫਟੀਏ - ਜਨਵਰੀ, 2026**

27 ਯੂਰੋਪੀਅਨ ਯੂਨੀਅਨ ਮੈਂਬਰ ਦੇਸ਼ਾਂ ਦੇ ਨਾਲ ਸਭ ਤੋਂ ਵੱਡਾ ਵਪਾਰ ਸਮਝੌਤਾ



**ਭਾਰਤ-ਓਮਾਨ ਸੀਈਪੀਏ - ਦਸੰਬਰ, 2025**

ਜੀਸੀਸੀ ਦੇਸ਼ਾਂ ਦੇ ਨਾਲ ਸਭ ਤੋਂ ਵੱਧ ਟੈਰਿਫ ਕਵਰੇਜ ਵਾਲਾ ਸਮਝੌਤਾ।



**ਭਾਰਤ-ਯੂਕੇ ਸੀਈਟੀਏ - ਜੁਲਾਈ, 2025**

ਭਾਰਤ ਦੇ 99% ਨਿਰਯਾਤ ਨੂੰ ਡਿਊਟੀ ਫ੍ਰੀ ਪਹੁੰਚ




**ਭਾਰਤ-ਈ ਐੱਫਟੀਏ ਟੀਈਪੀਏ - ਮਾਰਚ, 2024 ਤੋਂ ਅਕਤੂਬਰ, 2025**

100 ਅਰਬ ਡਾਲਰ ਦੇ ਐੱਫਡੀਆਈ ਵਚਨਬੱਧਤਾ ਵਾਲਾ ਇਤਿਹਾਸਕ ਸਮਝੌਤਾ



**ਭਾਰਤ-ਆਸਟ੍ਰੇਲੀਆ ਈਸੀਟੀਏ - ਦਸੰਬਰ, 2022**

ਭਾਰਤ ਦਾ ਪਹਿਲਾ ਸਮਝੌਤਾ, ਜਿਸ ਵਿੱਚ 100% ਡਿਊਟੀ ਫ੍ਰੀ ਦੀ ਵਿਵਸਥਾ



**ਭਾਰਤ-ਆਸਟ੍ਰੇਲੀਆ ਈਸੀਟੀਏ - ਦਸੰਬਰ, 2022**

ਭਾਰਤ ਦਾ ਪਹਿਲਾ ਸਮਝੌਤਾ, ਜਿਸ ਵਿੱਚ 100% ਡਿਊਟੀ ਫ੍ਰੀ ਦੀ ਵਿਵਸਥਾ



**ਭਾਰਤ-ਮਾਰੀਸ਼ਸ ਸੀਈਪੀਏ - 2021**

ਅਫਰੀਕੀ ਦੇਸ਼ ਦੇ ਨਾਲ ਭਾਰਤ ਦਾ ਪਹਿਲਾ ਵਪਾਰ ਸਮਝੌਤਾ

ਸਹਿਯੋਗ ਸੰਭਵ ਹੋਵੇਗਾ। ਨਾਲ ਹੀ, ਇਹ ਸਥਿਰ, ਨਿਯਮ- ਅਧਾਰਿਤ ਵਪਾਰ ਅਤੇ ਮਜ਼ਬੂਤ ਲੋਕਾਂ ਪ੍ਰਤੀ ਵਚਨਬੱਧਤਾ – ਸਬੰਧਾਂ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰੇਗਾ। ਨਾਲ ਹੀ, ਨਿਊਜ਼ੀਲੈਂਡ ਦੇ ਵਪਾਰ ਅਤੇ ਨਿਵੇਸ਼ ਮੰਤਰੀ ਟੌਡ ਮੈਕਲੇ ਨੇ ਦੱਸਿਆ ਕਿ ਨਿਊਜ਼ੀਲੈਂਡ ਦੀ ਲਗਭਗ 6 ਪ੍ਰਤੀਸ਼ਤ ਆਬਾਦੀ ਦੀਆਂ ਜੜ੍ਹਾਂ ਭਾਰਤ ਨਾਲ ਜੁੜੀਆਂ ਹਨ। ਭਾਰਤੀ ਪ੍ਰਵਾਸੀ ਵਪਾਰ, ਸਿੱਖਿਆ, ਵਿਗਿਆਨ, ਸੱਭਿਆਚਾਰ, ਖੇਡ ਅਤੇ ਜਨਤਕ ਜੀਵਨ ਵਰਗੇ ਵੱਖ- ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੇ ਹਨ। ਇਹ ਸਮਝੌਤਾ ਆਲਮੀ ਅਤੇ ਖੇਤਰੀ ਪਰਿਸਥਿਤੀਆਂ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਦੌਰ ਵਿੱਚ ਹੋਇਆ ਹੈ, ਜਿੱਥੇ ਭਰੋਸੇਯੋਗ ਸਾਂਝੇਦਾਰੀਆਂ ਹੋਰ ਵੀ ਮਹੱਤਵਪੂਰਨ ਹੋ ਗਈਆਂ ਹਨ। ਨਿਊਜ਼ੀਲੈਂਡ ਭਾਰਤ ਨੂੰ ਖੇਤਰੀ ਸਥਿਰਤਾ, ਆਰਥਿਕ ਮਜ਼ਬੂਤੀ ਅਤੇ ਸਾਂਝੀ ਸਮ੍ਰਿੱਧੀ ਨੂੰ ਹੁਲਾਰਾ ਦੇਣ ਵਿੱਚ ਇੱਕ ਪ੍ਰਮੁੱਖ ਭਾਗੀਦਾਰ ਮੰਨਦਾ ਹੈ।

**ਭਾਰਤ-ਨਿਊਜ਼ੀਲੈਂਡ ਐੱਫਟੀਏ ਨੌਂ ਮਹੀਨਿਆਂ ਵਿੱਚ ਫਾਈਨਲ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਦੀ ਦੁਵੱਲੀ ਬੈਠਕ ਦੀ ਪੂਰਵ ਸੰਧਿਆ 'ਤੇ 16 ਮਾਰਚ, 2025 ਨੂੰ

# ਸਮਝੌਤੇ ਦੇ ਪ੍ਰਮੁੱਖ ਬਿੰਦੂ



**20** **20 ਅਰਬ ਅਮਰੀਕੀ ਡਾਲਰ** ਨਿਵੇਸ਼ ਦਾ ਵਾਅਦਾ ਨਿਊਜ਼ੀਲੈਂਡ ਨੇ ਭਾਰਤ ਵਿੱਚ ਖੇਤੀਬੀੜੀ, ਮੈਨੂਫੈਕਚਰਿੰਗ ਇੰਡਸਟ੍ਰੀ, ਢਾਂਚਾਗਤ ਵਿਕਾਸ, ਸਟਾਰਟ-ਅੱਪ, ਖੋਜ ਅਤੇ ਉੱਭਰ ਰਹੀ ਤਕਨਾਲੋਜੀ ਨੂੰ ਹੁਲਾਰਾ ਦੇਣ ਲਈ ਕੀਤਾ ਹੈ।

- ਨਿਊਜ਼ੀਲੈਂਡ ਨੇ ਹੁਣ ਤੱਕ ਦੀ ਸਭ ਤੋਂ ਬਿਹਤਰੀਨ ਬਜ਼ਾਰ ਪਹੁੰਚ ਅਤੇ ਸੇਵਾਵਾਂ ਦੀ ਪੇਸ਼ਕਸ ਕੀਤੀ ਹੈ। ਇਸ ਨਾਲ ਕੁਸ਼ਲ ਪੇਸ਼ੇਵਰਾਂ, ਸਟਾਰਟ-ਅੱਪਸ ਅਤੇ ਸੇਵਾ- ਅਧਾਰਿਤ ਉੱਦਮਾਂ ਦੇ ਲਈ ਉੱਚ- ਮੁੱਲ ਵਾਲੇ ਮੌਕੇ ਪੈਦਾ ਹੋਣਗੇ। 118 ਸੇਵਾ ਖੇਤਰ ਵਿੱਚ ਪਹੁੰਚ ਦਿੱਤੀ ਹੈ ਤਾਂ ਉੱਥੇ ਹੀ 139 ਸਬ- ਸੈਕਟਰਾਂ ਵਿੱਚ ਸਭ ਤੋਂ ਪਸੰਦੀਦਾ ਰਾਸ਼ਟਰ (MFN) ਵਚਨਬੱਧਤਾਵਾਂ ਦਿੱਤੀਆਂ ਹਨ।
- 100 ਪ੍ਰਤੀਸ਼ਤ ਨਿਰਯਾਤ ਜੋ ਭਾਰਤ ਤੋਂ ਨਿਊਜ਼ੀਲੈਂਡ ਦੇ ਲਈ ਹੋਵੇਗਾ, ਡਿਊਟੀ ਫ੍ਰੀ ਪਹੁੰਚ ਮਿਲੇਗੀ। ਇਸ ਵਿੱਚ ਸਾਰੀਆਂ ਡਿਊਟੀ ਲਾਈਨਾਂ ਸ਼ਾਮਲ ਹਨ। ਕੱਪੜਾ, ਚਮੜਾ, ਜੁੱਤੇ, ਇੰਜੀਨੀਅਰਿੰਗ ਸਮਾਨ ਅਤੇ ਪ੍ਰੋਸੈੱਸਡ ਫੂਡ ਸੈਕਟਰਾਂ ਵਰਗੇ ਕਿਰਤ ਪ੍ਰਧਾਨ ਖੇਤਰ ਨਾਲ ਬਜ਼ਾਰ ਪਹੁੰਚ ਦੇ ਵਿਸਥਾਰ ਨਾਲ ਮਜ਼ਬੂਤ ਹੋਣਗੇ।
- ਨਿਊਜ਼ੀਲੈਂਡ ਦੇ ਹੋਰ ਵਪਾਰਕ ਸਾਂਝੇਦਾਰਾਂ ਦੀ ਤਰ੍ਹਾਂ, ਭਾਰਤੀ ਉਤਪਾਦਾਂ ਨੂੰ ਪ੍ਰਵੇਸ਼ ਦੇ ਸਮੇਂ ਤੋਂ ਹੀ ਜ਼ੀਰੋ ਡਿਊਟੀ ਮਾਰਕਿਟ ਪਹੁੰਚ ਪ੍ਰਾਪਤ ਹੋਵੇਗੀ, ਇਸ ਨਾਲ ਉਹ ਨਿਊਜ਼ੀਲੈਂਡ ਵਿੱਚ ਪੂਰੀ ਤਰ੍ਹਾਂ ਨਾਲ ਪ੍ਰਤੀਯੋਗੀ ਹੋਣਗੇ ਅਤੇ ਉਨ੍ਹਾਂ ਨੂੰ ਬਰਾਬਰ ਮੌਕੇ ਮਿਲਣਗੇ।
- ਇਹ ਸਮਝੌਤਾ 2047 ਤੱਕ ਵਿਕਸਿਤ ਭਾਰਤ ਦੇ ਲਈ ਇੱਕ ਨਵੀਂ ਪੀੜ੍ਹੀ ਦਾ ਵਪਾਰ ਸਮਝੌਤਾ ਟੈਰਿਫ, ਪ੍ਰਤਿਭਾ, ਨਿਵੇਸ਼ ਅਤੇ ਖੇਤੀਬਾੜੀ ਉਤਪਾਦਕਤਾ ਨਾਲ ਨੌਜਵਾਨਾਂ, ਕਿਸਾਨਾਂ, ਮਹਿਲਾਵਾਂ, ਕਾਰੀਗਰਾਂ ਅਤੇ ਲਘੂ ਅਤੇ ਦਰਮਿਆਨੇ ਉੱਦਮਾਂ ਨੂੰ ਮਜ਼ਬੂਤ ਬਣਾਉਂਦਾ ਹੈ।
- ਭਾਰਤ ਨੇ ਦੁਵੱਲੀ ਟ੍ਰੇਡ ਵੈਲਿਊ ਦੇ 95 ਪ੍ਰਤੀਸ਼ਤ ਹਿੱਸੇ ਨੂੰ ਕਵਰ ਕਰਨ ਵਾਲੀ 70.03 ਪ੍ਰਤੀਸ਼ਤ ਟੈਰਿਫ ਲਾਈਨਾਂ 'ਤੇ ਟੈਰਿਫ ਉਦਾਰੀਕਰਣ ਦੀ ਪੇਸ਼ਕਸ਼ ਕੀਤੀ ਹੈ, ਇਸ ਦੇ ਨਾਲ ਹੀ ਭਾਰਤ ਦੇ ਸੰਵੇਦਨਸ਼ੀਲ ਖੇਤਰਾਂ ਦੀ ਰੱਖਿਆ ਦੇ ਲਈ 29.97 ਪ੍ਰਤੀਸ਼ਤ ਟੈਰਿਫ ਲਾਈਨਾਂ ਨੂੰ ਇਸ ਤੋਂ ਬਾਹਰ ਰੱਖਿਆ ਹੈ।

- ਕਿਸਾਨ–ਗ੍ਰਾਮੀਣ ਅਰਥਵਿਵਸਥਾ – ਘਰੇਲੂ ਉਦਯੋਗਾਂ ਦੀ ਸੁਰੱਖਿਆ ਦੇ ਲਈ ਪ੍ਰਤੀਬੰਧਿਤ ਉਤਪਾਦ : ਦੁੱਧ ਉਤਪਾਦ, ਪਸ਼ੂ ਉਤਪਾਦ (ਭੇਡ ਦੇ ਮਾਸ ਤੋਂ ਇਲਾਵਾ), ਖੇਤੀਬਾੜੀ ਉਤਪਾਦ (ਪਿਆਜ, ਚਨੇ, ਮਟਰ, ਮੱਕੀ, ਬਦਾਮ ਆਦਿ) ਚੀਨੀ, ਆਰਟੀਫਿਸ਼ੀਅਲ ਸ਼ਹਿਦ, ਪਸ਼ੂ, ਬਨਸਪਤੀ ਅਤੇ ਤੇਲ ਸ਼ਾਮਲ ਹਨ। ਨਾਲ ਹੀ ਹਥਿਆਰ ਅਤੇ ਗੋਲਾ–ਬਾਰੂਦ, ਰਤਨ ਅਤੇ ਗਹਿਣੇ, ਤਾਂਬਾ ਅਤੇ ਉਸ ਤੋਂ ਬਣੀਆਂ ਵਸਤਾਂ (ਕੈਥੋਡ, ਕਾਰਤੂਸ, ਛੜੀਆਂ, ਕੌਇਲ ਆਦਿ) ਐਲੂਮੀਨੀਅਮ ਅਤੇ ਐਲੂਮੀਨੀਅਮ ਤੋਂ ਬਣੀਆਂ ਵਸਤੂਆਂ ਆਦਿ।

**30%** ਖਾਸ ਟੈਰਿਫ ਲਾਈਨਾਂ ਨੂੰ ਤੁਰੰਤ ਖਤਮ ਕਰ ਦਿੱਤਾ ਜਾਵੇਗਾ; ਇਨ੍ਹਾਂ ਵਿੱਚ ਲੱਕੜ, ਉੱਨ, ਭੇਡ ਦਾ ਮਾਸ (ਮਟਨ), ਚਮੜਾ ਅਤੇ ਕੱਚੀ ਚਮੜੀ ਆਦਿ ਸ਼ਾਮਲ ਹਨ।

- ਇਸ ਦੌਰਾਨ, 35.6% ਟੈਰਿਫ ਨੂੰ 3, 5, 7 ਅਤੇ 10 ਵਰ੍ਹਿਆਂ ਨੂੰ ਲੜੀਬੱਧ ਢੰਗ ਨਾਲ ਖਤਮ ਕੀਤਾ ਜਾਣਾ ਹੈ, ਇਸ ਵਿੱਚ ਪੈਟਰੋਲੀਅਮ, ਤੇਲ, ਮਾਲਟ ਐਬਸਟਰੈਕਟ, ਬਨਸਪਤੀ ਤੇਲ ਅਤੇ ਚੁਣੇ ਹੋਏ ਇਲੈਕਟ੍ਰੀਕਲ ਅਤੇ ਮਕੈਨੀਕਲ ਮਸ਼ੀਨਰੀ, ਪੈਪਟੋਨ ਆਦਿ ਸ਼ਾਮਲ ਹਨ।
- **ਨਿਊਜ਼ੀਲੈਂਡ ਵਿੱਚ ਪੜ੍ਹਾਈ ਤੋਂ ਬਾਅਦ ਕੰਮ ਦਾ ਵੀਜ਼ਾ :** ਪੇਸ਼ੇਵਰ ਤੌਰ ਤਰੀਕਿਆਂ ਨਾਲ ਵਿਦਿਆਰਥੀਆਂ ਦੀ ਆਵਾਜਾਈ ਨੂੰ ਹੁਲਾਰਾ ਦਿੱਤਾ ਜਾਵੇਗਾ। ਕੋਈ ਸੰਖਿਆ ਦੀ ਸੀਮਾ ਨਹੀਂ ਹੈ। ਸਟੈੱਮ ਵਿੱਚ ਬੈਚਲਰ ਅਤੇ ਮਾਸਟਰ ਡਿਗਰੀ ਵਾਲੇ ਵਿਦਿਆਰਥੀਆਂ ਨੂੰ 3 ਵਰ੍ਹਿਆਂ ਤੱਕ ਅਤੇ ਡਾਕਟਰੇਟ ਰਿਸਰਚਰਾਂ ਨੂੰ 4 ਵਰ੍ਹੇ ਤੱਕ ਪੜ੍ਹਾਈ ਕਰਨ ਤੋਂ ਬਾਅਦ ਕੰਮ ਕਰਨ ਦਾ ਅਧਿਕਾਰ ਮਿਲੇਗਾ।

**ਭਾਰਤੀ ਪੇਸ਼ੇਵਰਾਂ ਦੇ ਲਈ 'ਅਸਥਾਈ ਰੁਜ਼ਗਾਰ ਪ੍ਰਵੇਸ਼ ਵੀਜ਼ਾ ਦਾ 5,000 ਦਾ ਵਿਸ਼ੇਸ਼ ਕੋਟਾ।**

- ਉਤਪਾਦਕਤਾ, ਕਿਸਾਨਾਂ ਦੀ ਆਮਦਨ ਅਤੇ ਗਿਆਨ ਦੇ ਅਦਾਨ- ਪ੍ਰਦਾਨ ਨੂੰ ਵਧਾਉਣ ਲਈ ਸੇਬ, ਕੀਵੀ ਫਲ ਅਤੇ ਮੁਨੱਕਾ ਸ਼ਹਿਦ ਦੇ ਲਈ ਖੇਤੀਬਾੜੀ ਉਤਪਾਦਕਤਾ ਸਾਂਝੇਦਾਰੀ ਅਤੇ ਉੱਤਮਤਾ ਕੇਂਦਰ।
- ਖੇਤੀਬਾੜੀ ਉਤਪਾਦਕਤਾ ਸਹਿਯੋਗ ਦੇ ਨਾਲ- ਨਾਲ ਕੋਟਾ ਅਤੇ ਘੱਟ ਤੋਂ ਘੱਟ ਆਯਾਤ ਕੀਮਤਾਂ ਦੇ ਜ਼ਰੀਏ ਨਿਯੰਤ੍ਰਿਤ ਬਜ਼ਾਰ ਪਹੁੰਚ ਨਾਲ ਘਰੇਲੂ ਉਤਪਾਦਕਾਂ ਦੇ ਲਈ ਸੁਰੱਖਿਆ ਯਕੀਨੀ ਹੋਵੇਗੀ।

**ਇੰਸਪੈਕਸ਼ਨ ਨੂੰ ਮਾਨਤਾ**

**ਕਿਫਾਇਤੀ ਦਵਾਈਆਂ ਦੇ ਭਰੋਸੇਮੰਦ ਸਪਲਾਇਰ ਦੇ ਤੌਰ 'ਤੇ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਦੇ ਲਈ ਜ਼ੀਰੋ ਟੈਰਿਫ, ਫਾਰਮਾਸਿਊਟੀਕਲਸ ਅਤੇ ਮੈਡੀਕਲ ਡਿਵਾਈਸ ਦੇ ਲਈ ਫਾਸਟ ਟ੍ਰੈਕ ਅਪਰੂਵਲ ਦੇ ਨਾਲ ਹੀ ਅਮਰੀਕਾ, ਈਯੂ, ਯੂਕੇ, ਕੈਨੇਡਾ ਦੇ ਰੈਗੂਲੇਟਰ ਨਾਲ ਇੰਸਪੈਕਸ਼ਨ ਨੂੰ ਮਾਨਤਾ ਦਿੱਤੀ ਗਈ ਹੈ।**



ਅਧਿਕਾਰਤ ਤੌਰ 'ਤੇ ਐੱਫਟੀਏ ਨੂੰ ਲੈ ਕੇ ਗੱਲਬਾਤ ਸ਼ੁਰੂ ਹੋਈ ਸੀ। ਪੰਜ ਰਸਮੀ ਦੌਰ ਦੀਆਂ ਚਰਚਾਵਾਂ ਅਤੇ ਕਈ ਅੰਤਰਿਮ ਬੈਠਕਾਂ ਤੋਂ ਬਾਅਦ, ਦੋਵੇਂ ਧਿਰਾਂ ਨੇ 22 ਦਸੰਬਰ, 2025 ਨੂੰ ਸਮਝੌਤਾ ਪੂਰਾ ਕੀਤਾ। ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਭਾਰਤ–ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ ਸਿਰਫ਼ ਨੌਂ ਮਹੀਨਿਆਂ ਵਿੱਚ ਪੂਰਾ ਹੋਇਆ ਹੈ। ਇਹ ਭਾਰਤ ਦੁਆਰਾ ਕਿਸੇ ਵਿਕਸਿਤ ਦੇਸ਼ ਦੇ ਨਾਲ ਕੀਤੇ ਗਏ ਸਭ ਤੋਂ ਤੇਜ਼ੀ ਨਾਲ ਸੰਪੰਨ ਮੁਕਤ ਵਪਾਰ ਸਮਝੌਤਿਆਂ ਵਿੱਚੋਂ ਇੱਕ ਹੈ। ਇਹ ਵਿਕਸਿਤ ਅਰਥਵਿਵਸਥਾਵਾਂ ਦੇ ਨਾਲ ਭਾਰਤ ਦੀ ਵਧਦੀ ਭਾਗੀਦਾਰੀ ਦਾ ਮਹੱਤਵਪੂਰਨ ਕਦਮ ਹੈ, ਜੋ ਕਿ ਵਿਕਸਿਤ ਭਾਰਤ 2047 ਦੇ ਟੀਚੇ ਦੇ ਅਨੁਸਾਰ ਹੈ। ਪਿਛਲੇ ਸਾਢੇ ਤਿੰਨ ਵਰ੍ਹਿਆਂ ਵਿੱਚ ਭਾਰਤ ਨੇ ਆਪਣਾ 7ਵਾਂ ਐੱਫਟੀਏ ਕੀਤਾ ਹੈ। ਭਾਰਤ ਨੇ ਕੁੱਲ 9 ਐੱਫਟੀਏ ਫਾਈਨਲ ਕੀਤੇ ਜੋ ਕਿ 38 ਵਿਕਸਿਤ ਅਰਥਵਿਵਸਥਾਵਾਂ ਨੂੰ ਕਵਰ ਕਰਨਗੇ। ਇਹ ਦੁਨੀਆ ਦੀ ਲਗਭਗ 65 ਤੋਂ 70 ਪ੍ਰਤੀਸ਼ਤ ਜੀਡੀਪੀ ਨੂੰ ਕਵਰ ਕਰੇਗਾ।



# ਭਾਰਤ

## ਆਲਮੀ ਅਰਥਵਿਵਸਥਾ ਦਾ ਮੁੱਖ ਥੰਮ੍ਹ

*ਭਾਰਤ ਅਤੇ ਕੋਰੀਆ ਦਰਮਿਆਨ ਹਜ਼ਾਰਾਂ ਵਰ੍ਹੇ ਪੁਰਾਣੇ ਸੱਭਿਆਚਾਰਕ ਸਬੰਧ ਰਹੇ ਹਨ। ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਨਵੀਂ ਦਿਸ਼ਾ ਦੇਣ ਦੀ ਦ੍ਰਿਸ਼ਟੀ ਨਾਲ ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਯੁੰਗ ਨੇ 19 ਤੋਂ 21 ਅਪ੍ਰੈਲ ਤੱਕ ਭਾਰਤ ਦੀ ਯਾਤਰਾ ਕੀਤੀ। ਇਸ ਦੌਰਾਨ ਦੋਵੇਂ ਦੇਸ਼ਾਂ ਦੇ ਦਰਮਿਆਨ ਜਹਾਜ਼ ਨਿਰਮਾਣ, ਸਮੁੰਦਰੀ ਲੌਜਿਸਟਿਕਸ, ਵਾਤਾਵਰਣ ਸਮੇਤ ਕਈ ਮਹੱਤਵਪੂਰਨ ਮੁੱਦਿਆਂ 'ਤੇ ਸਮਝੌਤਾ ਹੋਇਆ ਅਤੇ ਨਾਲ ਮਿਲ ਕੇ ਅੱਗੇ ਵਧਣ ਦਾ ਲਿਆ ਗਿਆ ਫੈਸਲਾ ....*

ਅੱਠ ਵਰ੍ਹਿਆਂ ਬਾਅਦ ਕੋਰੀਆ ਦੇ ਕਿਸੇ ਰਾਸ਼ਟਰਪਤੀ ਦਾ ਇਹ ਪਹਿਲਾ ਭਾਰਤ ਦਾ ਦੌਰਾ ਸੀ। ਦੌਰੇ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਲੋਕਤੰਤਰੀ ਕਦਰਾਂ-ਕੀਮਤਾਂ, ਮਾਰਕਿਟ ਇਕੌਨਮੀ ਅਤੇ ਨਿਯਮ- ਕਾਨੂੰਨਾਂ ਦਾ ਸਨਮਾਨ ਕਰਨਾ ਦੋਵੇਂ ਦੇਸ਼ਾਂ ਦੇ ਡੀਐੱਨਏ ਵਿੱਚ ਹੈ। ਇੰਡੋ- ਪੈਸੀਫਿਕ ਖੇਤਰ ਵਿੱਚ ਵੀ ਦੋਵੇਂ ਦੇਸ਼ਾਂ ਦਾ ਹਿਤ ਇੱਕ ਬਰਾਬਰ ਹੈ। ਇਨ੍ਹਾਂ ਸਾਰਿਆਂ ਦੇ ਅਧਾਰ 'ਤੇ ਪਿਛਲੇ ਇੱਕ ਦਹਾਕੇ ਵਿੱਚ ਦੋਵੇਂ ਦੇਸ਼ਾਂ ਦੇ ਸਬੰਧ ਵਧੇਰੇ ਗਤੀਸ਼ੀਲ ਅਤੇ ਵਿਆਪਕ ਹੋਏ ਹਨ। ਕੋਰੀਆ ਦੇ ਰਾਸ਼ਟਰਪਤੀ ਦੇ ਇਸ ਦੌਰੇ ਨਾਲ ਭਰੋਸੇਮੰਦ ਸਾਂਝੇਦਾਰੀ ਨੂੰ ਹੁਣ ਭਵਿੱਖ ਦੀ ਸਾਂਝੇਦਾਰੀ ਦੇ ਰੂਪ ਵਿੱਚ ਬਦਲਿਆ ਜਾਵੇਗਾ। ਚਿਪ ਤੋਂ ਲੈ ਕੇ ਸ਼ਿਪ ਤੱਕ, ਟੈਲੰਟ ਤੋਂ ਲੈ ਕੇ ਤਕਨਾਲੋਜੀ ਤੱਕ, ਇਨਵਾਇਰਮੈਂਟ ਤੋਂ ਲੈ ਕੇ ਐਨਰਜੀ ਤੱਕ, ਹਰ ਖੇਤਰ ਵਿੱਚ ਸਹਿਯੋਗ ਦੇ ਨਵੇਂ ਮੌਕਿਆਂ ਨੂੰ ਸਾਕਾਰ ਕੀਤਾ ਜਾਵੇਗਾ।

ਕੋਰੀਆ ਦੇ ਰਾਸ਼ਟਰਪਤੀ ਲੀ ਜੇ-ਮਯੁੰਗ ਨੇ ਕਿਹਾ ਕਿ ਭਾਰਤ, ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਅਤੇ 1.4 ਅਰਬ ਲੋਕਾਂ ਦਾ ਘਰ ਹੋਣ ਦੇ ਨਾਤੇ ਆਲਮੀ ਅਰਥਵਿਵਸਥਾ ਦਾ ਇੱਕ ਮੁੱਖ ਥੰਮ੍ਹ ਹੈ। ਭਾਰਤ ਅਤੇ ਕੋਰੀਆ ਦਾ ਦੁਵੱਲਾ ਵਪਾਰ, ਅੱਜ 27 ਅਰਬ ਡਾਲਰ ਤੱਕ ਪਹੁੰਚ ਚੁੱਕਾ ਹੈ ਅਤੇ ਇਸੇ ਵਰ੍ਹੇ 2030 ਤੱਕ ਵਧਾ ਕੇ 50 ਬਿਲੀਅਨ

## ਸਮਝੌਤਾ ਪੱਤਰ ....

- ਬੰਦਰਗਾਹਾਂ ਦੇ ਖੇਤਰ ਵਿੱਚ ਸਹਿਯੋਗ।
- ਉਦਯੋਗਿਕ ਸਹਿਯੋਗ ਕਮੇਟੀ ਦੀ ਸਥਾਪਨਾ।
- ਸਟੀਲ ਸਪਲਾਈ ਚੇਨ ਦੇ ਲਈ ਤਕਨਾਲੋਜੀ ਅਤੇ ਵਪਾਰ ਦੇ ਖੇਤਰ ਵਿੱਚ ਸਹਿਯੋਗ।
- ਲਘੂ ਅਤੇ ਦਰਮਿਆਨੇ ਅਕਾਰ ਦੇ ਉੱਦਮਾਂ ਦੇ ਖੇਤਰ ਵਿੱਚ ਸਹਿਯੋਗ।
- ਸਮੁੰਦਰੀ ਵਿਰਾਸਤ ਦੇ ਖੇਤਰ ਵਿੱਚ ਸਹਿਯੋਗ।
- ਐੱਨਪੀਸੀਆਈ ਇੰਟਰਨੈਸ਼ਨਲ ਪੇਮੈਂਟਸ ਲਿਮਿਟੇਡ ਅਤੇ ਕੋਰੀਅਨ ਫਾਈਨੈਂਸ਼ੀਅਲ ਟੈਲੀ- ਕਮਿਊਨੀਕੇਸ਼ਨ ਐਂਡ ਕਲੀਅਰਿੰਗ ਇੰਸਟੀਟਿਊਟ ਦੇ ਦਰਮਿਆਨ ਸਮਝੌਤਾ।
- ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਸਹਿਯੋਗ।
- ਭਾਰਤ-ਕੋਰੀਆ ਡਿਜੀਟਲ ਬ੍ਰਿਜ ਦੇ ਲਈ ਬੁਨਿਆਦੀ ਢਾਂਚਾ।
- ਜਲਵਾਯੂ ਅਤੇ ਵਾਤਾਵਰਣ ਦੇ ਖੇਤਰ ਵਿੱਚ ਸਹਿਯੋਗ।
- ਵਰ੍ਹੇ 2026 -2030 ਦੇ ਲਈ ਭਾਰਤ ਅਤੇ ਸਾਊਥ ਕੋਰੀਆ ਦੇ ਦਰਮਿਆਨ ਸੱਭਿਆਚਾਰਕ ਅਦਾਨ-ਪ੍ਰਦਾਨ।
- ਸੱਭਿਆਚਾਰਕ ਅਤੇ ਰਚਨਾਤਮਕ ਉਦਯੋਗਾਂ ਵਿੱਚ ਸਹਿਯੋਗ।
- ਖੇਡ ਖੇਤਰ ਵਿੱਚ ਸਹਿਯੋਗ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



## ਐਲਾਨ...

- ਆਰਥਿਕ ਸੁਰੱਖਿਆ ਸੰਵਾਦ ਦੀ ਸ਼ੁਰੂਆਤ।
- ਵਿਸ਼ੇਸ਼ ਮਹਿਮਾਨ ਪ੍ਰੋਗਰਾਮ (ਡੀਵੀਪੀ) ਦੀ ਸਥਾਪਨਾ।
- ਜਲਵਾਯੂ ਪਰਿਵਰਤਨ, ਆਰਕਟਿਕ ਅਤੇ ਸਮੁੰਦਰੀ ਸਹਿਯੋਗ ਸਮੇਤ ਆਲਮੀ ਵਿਸ਼ਾ- ਵਸਤੂਆਂ 'ਤੇ ਦੋਵੇਂ ਵਿਦੇਸ਼ ਮੰਤਰਾਲਿਆਂ ਦੇ ਦਰਮਿਆਨ ਗੱਲਬਾਤ ਦੀ ਸ਼ੁਰੂਆਤ।
- ਸਾਊਥ ਕੋਰੀਆ ਦਾ ਹਿੰਦ ਪ੍ਰਸ਼ਾਂਤ ਮਹਾਸਾਗਰ ਪਹਿਲਕਦਮੀ ਵਿੱਚ ਸ਼ਾਮਲ ਹੋਣਾ।
- ਸਾਊਥ ਕੋਰੀਆ ਦਾ ਅੰਤਰਰਾਸ਼ਟਰੀ ਸੋਲਰ ਅਲਾਇੰਸ ਵਿੱਚ ਅਤੇ ਭਾਰਤ ਦਾ ਗਲੋਬਲ ਗ੍ਰੀਨ ਗ੍ਰੋਥ ਇੰਸਟੀਟਿਊਟ (ਜੀਜੀਜੀਆਈ) ਵਿੱਚ ਸ਼ਾਮਲ ਹੋਣਾ।
- ਵਰ੍ਹੇ 2028 -29 ਨੂੰ ਭਾਰਤ- ਸਾਊਥ ਕੋਰੀਆ ਦੋਸਤੀ ਵਰ੍ਹੇ ਦੇ ਰੂਪ ਵਿੱਚ ਮਨਾਉਣਾ।

## ਮਹੱਤਵਪੂਰਨ ਤੱਥ...

- ਵਪਾਰ ਸਹਿਯੋਗ ਦੇ ਲਈ ਇੱਕ ਇੰਡਸਟ੍ਰੀਅਲ ਕੋ-ਆਪ੍ਰੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਹੈ।
- ਕੋਰੀਆ ਦੀ ਕੰਪਨੀ, ਖਾਸ ਕਰਕੇ ਲਘੂ ਅਤੇ ਦਰਮਿਆਨੇ ਉਦਯੋਗਾਂ ਦੀ ਭਾਰਤ ਵਿੱਚ ਐਂਟਰੀ ਸਹਿਜ ਕਰਨ ਦੇ ਲਈ ਕੋਰੀਅਨ ਇੰਡਸਟ੍ਰੀਅਲ ਟਾਊਨਸ਼ਿਪ ਸਥਾਪਿਤ ਕਰੇਗੀ।
- ਅਗਲੇ ਇੱਕ ਵਰ੍ਹੇ ਦੇ ਅੰਦਰ, ਦੋਵੇਂ ਦੇਸ਼ਾਂ ਦੇ ਦਰਮਿਆਨ ਟ੍ਰੇਡ ਐਗਰੀਮੈਂਟ ਨੂੰ ਅੱਪਗ੍ਰੇਡ ਕੀਤਾ ਜਾਵੇਗਾ।
- ਭਾਰਤ ਵਿੱਚ 2028 ਵਿੱਚ ਭਾਰਤ –ਕੋਰੀਆ ਫ੍ਰੈਂਡਸ਼ਿਪ ਫੈਸਟੀਵਲ ਆਯੋਜਿਤ ਕੀਤਾ ਜਾਵੇਗਾ।
- ਜਨ-ਜਨ ਦੇ ਸਬੰਧ ਨੂੰ ਮਜ਼ਬੂਤ ਕਰਨ ਦੇ ਲਈ ਐਜੂਕੇਸ਼ਨ, ਰਿਸਰਚ ਸਹਿਯੋਗ ਅਤੇ ਟੂਰਿਜ਼ਮ ਨੂੰ ਹੁਲਾਰਾ ਦਿੱਤਾ ਜਾਵੇਗਾ।



ਡਾਲਰ ਤੋਂ ਵੱਧ ਪਹੁੰਚਾਉਣ ਦਾ ਟੀਚਾ ਤੈਅ ਕੀਤਾ ਗਿਆ ਹੈ। ਨਾਲ ਹੀ ਦੋਵੇਂ ਦੇਸ਼ਾਂ ਦੇ ਦਰਮਿਆਨ ਆਰਥਿਕ ਸਬੰਧਾਂ ਨੂੰ ਸਰਲ ਬਣਾਉਣ ਦੇ ਲਈ ਭਾਰਤ-ਕੋਰੀਆ ਫਾਈਨੈਂਸ਼ੀਅਲ ਫੋਰਮ ਦੀ ਸ਼ੁਰੂਆਤ ਕੀਤੀ ਗਈ ਹੈ।

# ਭਾਰਤੀ ਸ਼ਾਸਤਰੀ ਨਾਚ ਦੀ ਮਹਾਨ ਸਾਧਿਕਾ



**ਕਥਕ ਦੀਆਂ ਰਵਾਇਤੀ ਸੀਮਾਵਾਂ ਤੋਂ ਅੱਗੇ ਵਧਦੇ ਹੋਏ ਕੁਮੁਦਿਨੀ ਲਾਖੀਆ ਨੇ ਨਾਚ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਅਤੇ ਇਸ ਦੇ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਨਾ ਸਿਰਫ ਕਥਕ ਸਿੱਖਿਆ ਸਗੋਂ ਸਿਖਾਇਆ ਵੀ। ਇਹੀ ਕਾਰਨ ਹੈ ਕਿ ਅੱਜ ਉਨ੍ਹਾਂ ਦਾ ਨਾਮ ਕਥਕ ਦੇ ਸਮਾਨਾਰਥੀ ਰੂਪ ਵਿੱਚ ਲਿਆ ਜਾਂਦਾ ਹੈ। ਕਥਕ ਨਾਚ ਨੂੰ ਆਪਣੀ ਕਲਪਨਾਸ਼ੀਲਤਾ ਅਤੇ ਪੇਸ਼ਕਾਰੀ ਦੇ ਜ਼ਰੀਏ ਇੱਕ ਨਵਾਂ ਆਯਾਮ ਦੇਣ ਵਾਲੀ ਕੁਮੁਦਿਨੀ ਲਾਖੀਆ ਭਾਰਤੀ ਸ਼ਾਸਤਰੀ ਨਾਚ ਦੀ ਇੱਕ ਮਹਾਨ ਸਾਧਿਕਾ ਮੰਨੇ ਜਾਂਦੇ ਹਨ ਜੋ ਕਿ ਆਪਣੇ ਪਿੱਛੇ ਛੱਡ ਕੇ ਗਏ ਹਨ ਇੱਕ ਵੱਡੀ ਵਿਰਾਸਤ ....**

*ਜਨਮ :17 ਮਈ, 1930 ਦੇਹਾਂਤ :12 ਅਪ੍ਰੈਲ 2025*

ਭਾਰਤ ਦੀ ਪ੍ਰਸਿੱਧ ਡਾਂਸਰ ਅਤੇ ਕਥਕ ਨੂੰ ਨਵੀਂ ਦਿਸ਼ਾ ਦੇਣ ਵਾਲੇ ਕੁਮੁਦਿਨੀ ਲਾਖੀਆ ਦਾ ਜਨਮ 17 ਮਈ 1930 ਨੂੰ ਗੁਜਰਾਤ ਦੇ ਅਹਿਮਦਾਬਾਦ ਵਿਖੇ ਹੋਇਆ ਸੀ। ਬਚਪਨ ਤੋਂ ਹੀ ਉਨ੍ਹਾਂ ਦੀ ਦਿਲਚਸਪੀ ਕਲਾ ਵੱਲ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਸੱਤ ਸਾਲ ਦੀ ਉਮਰ ਤੋਂ ਹੀ ਕਥਕ ਦੀ ਸਿੱਖਿਆ ਲੈਣੀ ਸ਼ੁਰੂ ਕਰ ਦਿੱਤੀ ਅਤੇ ਮੋਹਰੀ ਕਲਾਕਾਰ ਬਣਨ ਦੀ ਦਿਸ਼ਾ ਵਿੱਚ ਅੱਗੇ ਵਧਦੇ ਗਏ। ਉਨ੍ਹਾਂ ਨੂੰ 1960 ਦੇ ਦਹਾਕੇ ਵਿੱਚ ਕਥਕ ਨੂੰ ਸਿੰਗਲ ਡਾਂਸ ਸ਼੍ਰੇਣੀ ਦੀਆਂ ਸੀਮਾਵਾਂ ਤੋਂ ਹਟ ਕੇ ਸਮੂਹਿਕ ਨਾਚ ਦੇ ਰੂਪ ਵਿੱਚ ਵੀ ਬਦਲਣ ਦਾ ਕ੍ਰੈਡਿਟ ਦਿੱਤਾ ਜਾਂਦਾ ਹੈ। ਇੰਨਾ ਹੀ ਨਹੀਂ, ਉਨ੍ਹਾਂ ਨੇ ਕਥਕ ਨਾਚ ਦੀਆਂ ਪੇਸ਼ਕਾਰੀਆਂ ਵਿੱਚ ਸਮਕਾਲੀ ਕਹਾਣੀਆਂ ਨੂੰ ਜੋੜਨ ਵਰਗੀ ਨਵੀਨਤਾ ਕਰਕੇ ਉਸ ਨੂੰ ਨਵਾਂ ਰੂਪ ਦਿੱਤਾ।

ਕਥਕ ਨੂੰ ਮੰਚ ‘ਤੇ ਇੱਕ ਨਵਾਂ ਸਰੂਪ, ਸੋਚ ਅਤੇ ਸੁੰਦਰਤਾ ਦੇਣ ਵਾਲੀ ਕੁਮੁਦਿਨੀ ਲਾਖੀਆ ਨੇ ਵਰ੍ਹੇ 1964 ਵਿੱਚ ਅਹਿਮਦਾਬਾਦ ਵਿੱਚ ਕਦੰਬ ਨਾਚ ਅਤੇ ਸੰਗੀਤ ਸਕੂਲ ਦੀ ਸਥਾਪਨਾ ਕੀਤੀ ਜੋ ਕਿ ਭਾਰਤੀ ਨਾਚ ਅਤੇ ਸੰਗੀਤ ਨੂੰ ਸਮਰਪਿਤ ਇੱਕ ਸੰਸਥਾ ਹੈ। ਇਸ ਸੰਸਥਾ ਨੇ ਕਥਕ ਨਾਚ ਦੀ ਤਕਨੀਕ, ਸ਼ਬਦਾਬਲੀ ਅਤੇ ਪੇਸ਼ਕਾਰੀ ਨੂੰ ਵਿਕਸਿਤ ਕਰਨ ਵਿੱਚ ਆਪਣਾ ਸੰਪੂਰਨ ਧਿਆਨ ਅਤੇ ਦ੍ਰਿਸ਼ਟੀ ਸਮਰਪਿਤ ਕੀਤੀ। ਇਸ ਸੰਸਥਾ ਦੇ ਮਾਧਿਅਮ ਨਾਲ ਉਨ੍ਹਾਂ ਨੇ ਅਣਗਿਣਤ ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ। ਉਨ੍ਹਾਂ ਨੇ ਵਿਲੱਖਣ ਸਮਕਾਲੀ ਵਿਆਖਿਆਵਾਂ ਦੇ ਜ਼ਰੀਏ ਕਥਕ ਨਾਚ ਦੀ ਪੇਸ਼ਕਾਰੀ ਨੂੰ ਇੱਕ ਨਵਾਂ ਰੂਪ ਦਿੱਤਾ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਕਥਕ ਦੇ ਖੇਤਰ ਵਿੱਚ ਬੇਮਿਸਾਲ ਪ੍ਰਯੋਗ ਦਾ ਕ੍ਰੈਡਿਟ ਦਿੱਤਾ ਜਾਂਦਾ ਹੈ। ਇੰਨਾ ਹੀ ਨਹੀਂ, ਉਨ੍ਹਾਂ ਨੇ ਹਿੰਦੀ ਫਿਲਮ, ‘ਉਮਰਾਓ ਜਾਨ’ ਦੀ ਕੋਰਿਓਗ੍ਰਾਫੀ ਵੀ ਕੀਤੀ।

1987 ਵਿੱਚ ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੂੰ 2010 ਵਿੱਚ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ ਗਿਆ। ਵਰ੍ਹੇ 2025 ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਉਨ੍ਹਾਂ ਨੂੰ ਕਲਾ ਦੇ ਖੇਤਰ ਵਿੱਚ ਯੋਗਦਾਨ ਦੇਣ ਦੇ ਲਈ ਮਰਨ ਉਪਰੰਤ ਪਦਮ ਵਿਭੂਸ਼ਣ ਨਾਲ ਵੀ ਸਨਮਾਨਿਤ ਕੀਤਾ। ਉਨ੍ਹਾਂ ਵੱਲੋਂ ਉਨ੍ਹਾਂ ਦੇ ਪੋਤੇ ਨੇ ਇਹ ਪੁਰਸਕਾਰ ਗ੍ਰਹਿਣ ਕੀਤਾ। ਲਗਭਗ 75 ਵਰ੍ਹਿਆਂ ਦੇ ਆਪਣੇ ਲੰਬੇ ਅਤੇ ਸਫਲ ਨ੍ਰਿਤ ਜੀਵਨ ਵਿੱਚ ਉਨ੍ਹਾਂ ਨੇ ਪੰਜਾਹ ਤੋਂ ਵੱਧ ਦੇਸ਼ਾਂ ਵਿੱਚ ਪੇਸ਼ਕਾਰੀਆਂ ਦਿੱਤੀਆਂ।

12 ਅਪ੍ਰੈਲ 2025 ਨੂੰ ਸਵੇਰੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਸ ਸਮੇਂ ਉਹ 94 ਵਰ੍ਹਿਆਂ ਦੇ ਸਨ। ਅਹਿਮਦਾਬਾਦ ਸਥਿਤ ਆਪਣੇ ਘਰ ਵਿੱਚ ਉਨ੍ਹਾਂ ਨੇ ਆਖਰੀ ਸਾਹ ਲਏ। ਉਨ੍ਹਾਂ ਦੇ ਦੇਹਾਂਤ ‘ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਸੀ, ‘ਕੁਮੁਦਿਨੀ ਲਾਖੀਆ ਦੇ ਦੇਹਾਂਤ ਨਾਲ ਬਹੁਤ ਦੁਖ ਹੋਇਆ। ਉਨ੍ਹਾਂ ਨੇ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰਤੀਕ ਦੇ ਰੂਪ ਵਿੱਚ ਆਪਣੀ ਪਛਾਣ ਬਣਾਈ। ਕਥਕ ਅਤੇ ਭਾਰਤੀ ਸ਼ਾਸਤਰੀ ਨਾਚ ਦੇ ਪ੍ਰਤੀ ਉਨ੍ਹਾਂ ਦਾ ਜਨੂੰਨ ਪਿਛਲੇ ਕਈ ਵਰ੍ਹਿਆਂ ਵਿੱਚ ਉਨ੍ਹਾਂ ਦੇ ਜ਼ਿਕਰਯੋਗ ਕਾਰਜਾਂ ਵਿੱਚ ਝਲਕਦਾ ਸੀ। ਇੱਕ ਸੱਚੀ ਮੋਹਰੀ ਹੋਣ ਦੇ ਨਾਲ-ਨਾਲ ਉਨ੍ਹਾਂ ਨੇ ਡਾਂਸਰਾਂ ਦੀਆਂ ਕਈ ਪੀੜ੍ਹੀਆਂ ਨੂੰ ਵੀ ਸੰਵਾਰਿਆ। ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਸੰਜੋਇਆ ਜਾਵੇਗਾ।"



PMO India
@PMOIndia

भारत को विकसित बनाने का मिशन अनवरत चल रहा है।

और जब मैं विकसित भारत की बात करता हूं... तो उसका सबसे मजबूत स्तंभ भारत की नारीशक्ति है: PM @narendramodi



Rajnath Singh
@rajnathsingh

हमें AI का सिर्फ उपयोग ही नहीं, बल्कि उसे सही दिशा भी देनी है। सामूहिक प्रयासों और अंतरराष्ट्रीय सहयोग से ही इसकी शक्ति का सार्थक उपयोग संभव है। भारत इस दिशा में तेज़ी से आगे बढ़ रहा है। भारतीय अब केवल नए मॉडल ही नहीं बना रहे, बल्कि वैश्विक स्तर पर प्रतिस्पर्धी और कई मामलों में बेहतर मॉडल विकसित कर रहे हैं।



Amit Shah
@AmitShah

मोदी जी के नेतृत्व में केंद्रीय कैबिनेट ने प्रधानमंत्री ग्राम सड़क योजना-III को ₹83,977 करोड़ की लागत से जारी रखने की स्वीकृति दी है। इसमें ग्रामीण कृषि बाजारों (GrAMs), स्कूलों और अस्पतालों को कनेक्टिविटी से जोड़ने को प्राथमिकता दी गई है। इससे ग्रामीण अर्थव्यवस्था को मजबूती मिलेगी, रोजगार के अवसर बढ़ेंगे और यातायात भी अधिक सुगम होगा।
#CabinetDecisions



Nitin Gadkari
@nitin_gadkari

🇮🇳 आयुष्मान भारत संकल्पना स्वस्थ और सेहतमंद भारत की नींव है। प्रधानमंत्री श्री @narendramodi जी के नेतृत्व में 🇮🇳 देश में कार्यान्वित प्रधानमंत्री जन स्वास्थ्य योजना आर्थिक रूप से कमजोर लोगों के लिए वरदान साबित हो रही है।🩺💊💉🩸


#AyushmanBharatDiwas
#आयुष्मान_भारत_दिवस



Dharmendra Pradhan
@dpradhanbjp

माननीय प्रधानमंत्री श्री @NarendraModi जी के मार्गदर्शन में देश आज अपनी विरासत को नए आत्मविश्वास के साथ पुनर्स्थापित कर रहा है और कारीगरों की प्रतिभा को वैश्विक पहचान दिलाने का संकल्प निरंतर सशक्त हो रहा है।

इस प्रेरक पहल के लिए आयोजकों को बहुत-बहुत बधाई, जो हमारे बुनकरों और कारीगरों को एक सशक्त मंच प्रदान करते हुए सराहनीय कार्य कर रहे हैं। ऐसे प्रयास 'विकसित भारत 2047' को नई ऊर्जा देते हैं।



Dr Mansukh Mandaviya
@mansukhmandviya

'अंत्योदय' के मंत्र और मोदी सरकार के संकल्प से, आज कश्मीर के श्रमिकों को मिला उनका पहला ESIC अस्पताल।

📍 ओमपोरा, बडगाम



## गंगा एक्सप्रेसवे विकास की नई जीवनरेखा विकासशील भारत के भाग्य को देगा आकार



## चार मई के नतीजे विकसित भारत के संकल्प को करेंगे मजबूत : पीएम मोदी



## भारत के विकास के लिए सौर और पवन ऊर्जा बेहद आवश्यक : प्रधानमंत्री मोदी

दुनिया में आसन्न ऊर्जा संकट के बीच बोले पीएम, यह देश के भविष्य की सुरक्षा



## जनगणना में प्रत्येक नागरिक की भागीदारी अहम : प्रधानमंत्री



## न्यूजीलैंड से मुक्त व्यापार समझौता, 100 फीसदी भारतीय निर्यात पर कोई शुल्क नहीं

कपड़ा, परिधान, चमड़ा, जूते-चप्पल, रत्न और आभूषण के निर्यात को मिलेगा बढ़ावा

1.8 लाख करोड़ का निवेश भारत में करेगा न्यूजीलैंड, रोजगार के अवसर भी बढ़ेंगे


डेयरी उत्पाद रियायतों से बाहर



पीएम का अंदाज... आंखों पर काला चश्मा, हाथ में कैमरा

## गंगा बंगाल की आत्मा इसमें बसती है सभ्यता

हुगली पर पीएम मोदी का नौका विहार



# ਚਾਰ ਧਾਮ ਦੀ ਯਾਤਰਾ
# ਅਪਣਾਓ ਪੰਜ ਸੰਕਲਪ

अग्निष्टोमादिभिर्यज्ञैरिष्ट्वा विपुलदक्षिणैः।
न तत्फलमवाप्नोति तीर्थाभिगमनेन यत् ॥

**ਭਾਵ ਹੈ...** ਵੱਡੇ-ਵੱਡੇ ਯੱਗਾਂ ਅਤੇ ਦਾਨ ਆਦਿ ਨਾਲ ਸਾਨੂੰ ਅਪਾਰ ਪੁੰਨ ਪ੍ਰਾਪਤ ਹੁੰਦੇ ਹਨ। ਅਤੇ ਇਨ੍ਹਾਂ ਅਨੁਸ਼ਠਾਨਾਂ ਤੋਂ ਵੀ ਕਿਤੇ ਵਧੇਰੇ ਪੁੰਨ, ਸਾਨੂੰ ਤੀਰਥ ਯਾਤਰਾਵਾਂ ਤੋਂ ਪ੍ਰਾਪਤ ਹੁੰਦਾ ਹੈ।

*ਦੇਵਭੂਮੀ ਉੱਤਰਾਖੰਡ ਦੀ ਪਵਿੱਤਰ ਧਰਤੀ 'ਤੇ ਚਾਰ ਧਾਮ ਯਾਤਰਾ ਦੀ ਸ਼ੁਰੂਆਤ ਹੋ ਗਈ ਹੈ। ਬਾਬਾ ਕੇਦਾਰ ਦੇ ਦਰਸ਼ਨਾਂ ਸਮੇਤ ਚਾਰੇ ਧਾਮਾਂ ਦੀ ਇਹ ਪਵਿੱਤਰ ਯਾਤਰਾ ਭਾਰਤ ਦੀ ਸਨਾਤਨ ਸੱਭਿਆਚਾਰਕ ਚੇਤਨਾ ਦਾ ਇੱਕ ਸ਼ਾਨਦਾਰ ਉਤਸਵ ਹੈ। ਇਸ ਯਾਤਰਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇਸ਼ਵਾਸੀਆਂ ਦੇ ਨਾਮ ਇੱਕ ਪ੍ਰੇਰਨਾਦਾਇਕ ਪੱਤਰ ਲਿਖਿਆ, ਜਿਸ ਵਿੱਚ ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਉਹ "ਡਿਜੀਟਲ ਵਰਤ ਰੱਖਣ" ਅਤੇ ਕੁਦਰਤੀ ਸੁੰਦਰਤਾ ਦਾ ਸੱਚਮੁੱਚ ਅਨੁਭਵ ਕਰਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੇ ਉਨ੍ਹਾਂ ਨੂੰ ਹੇਠ ਲਿਖੇ ਪੰਜ ਸੰਕਲਪ ਅਪਣਾਉਣ ਦਾ ਸੱਦਾ ਦਿੱਤਾ.......*

1. **ਸਵੱਛਤਾ ਸਭ ਤੋਂ ਉੱਪਰ** ਧਾਮ ਅਤੇ ਉਸ ਦੇ ਆਲੇ-ਦੁਆਲੇ ਸਵੱਛਤਾ ਬਣਾਈ ਰੱਖੋ। ਨਦੀਆਂ ਨੂੰ ਸਾਫ ਰੱਖਣ ਦੇ ਲਈ ਆਪਣਾ ਯੋਗਦਾਨ ਦਿਓ।
2. **ਕੁਦਰਤ ਅਤੇ ਵਾਤਾਵਰਣ ਦੇ ਪ੍ਰਤੀ ਸੰਵੇਦਨਸ਼ੀਲਤਾ** ਹਿਮਾਲਿਆ ਦਿਵਯ ਧਰਤੀ ਦੇ ਪ੍ਰਤੀ ਸੰਵੇਦਨਸ਼ੀਲ ਰਹੋ। ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਦੇ ਹੋਏ ਵਾਤਾਵਰਣ ਦੀ ਸੰਭਾਲ ਕਰਨ ਵਿੱਚ ਯੋਗਦਾਨ ਦਿਓ।
3. **ਸੇਵਾ, ਸਹਿਯੋਗ ਅਤੇ ਸਦਭਾਵ** ਤੀਰਥ ਯਾਤਰੀ ਹਰ ਰੋਜ਼, ਕਿਸੇ ਨਾ ਕਿਸੇ ਰੂਪ ਵਿੱਚ, ਲੋਕਾਂ ਦੀ ਸੇਵਾ ਦਾ ਇੱਕ ਕੰਮ ਜ਼ਰੂਰ ਕਰਨ।
4. **ਵੋਕਲ ਫਾਰ ਲੋਕਲ ਨੂੰ ਹੁਲਾਰਾ** ਆਪਣੇ ਕੁੱਲ ਖਰਚੇ ਦਾ ਪੰਜ ਪ੍ਰਤੀਸ਼ਤ ਹਿੱਸਾ ਲੋਕਲ ਉਤਪਾਦਾਂ ਨੂੰ ਖਰੀਦਣ 'ਤੇ ਖਰਚ ਕਰੋ।
5. **ਅਨੁਸ਼ਾਸਨ, ਸੁਰੱਖਿਆ ਅਤੇ ਸੰਜਮ ਦੀ ਪਾਲਣਾ** ਯਾਤਰਾ ਦੇ ਨਿਯਮਾਂ ਅਤੇ ਆਵਾਜਾਈ ਨਿਰਦੇਸ਼ਾਂ ਦੀ ਪਾਲਣਾ ਕਰੋ। ਯਾਤਰਾ ਨੂੰ ਸੁਰੱਖਿਅਤ ਅਤੇ ਸਰਲ ਬਣਾਓ।

ਨਿਊ ਇੰਡੀਆ
ਸਮਾਚਾਰ
ਪੰਦਰਵਾੜਾ

**RNI Registered No. DELPUN/2020/78808, 16 -31 May, 2026**
RNI Registered No DELPUN/2020/78808, (Publishing Date: 30 April, 2026, Total Pages-42)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau
Of Communication, 2nd Floor,
Soochna Bhawan, New Delhi
-110003